
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 27
October 16, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਡਾ. ਅੰਬੇਦਕਰ ਦੇ ਧਰਮ ਪਰਿਵਰਤਨ ਨੂੰ ਸਮਰਪਿਤ ਸਮਾਗਮ ਦੌਰਾਨ ਸ੍ਰੀਲੰਕਨ ਬੁੱਧਿਸਟ ਟੈਂਪਲ, ਮਿਲਪੀਟਸ (ਕੈਲੇਫੋਰਨੀਆ) ਵਿਖੇ 14 ਅਕਤੂਬਰ 2019 ਨੂੰ ਇਕੱਤਰ ਹੋਏ ਬੁੱਧਿਸਟ। **(ਹੋਰ ਦੇਖੋ ਸਫਾ 6 'ਤੇ)**



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ ਮਨਾਇਆ ਗਿਆ।
**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11, 12, 13, 14 'ਤੇ)**




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਨੂੰ ਸ਼ਰਧਾ ਪੂਰਵਕ ਯਾਦ ਕੀਤਾ ਗਿਆ।
**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 'ਤੇ)**

## ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਮਨਾਇਆ ਜਾਵੇਗਾ 550 ਸਾਲਾ ਪ੍ਰਕਾਸ਼ ਪੁਰਬ

**ਅੰਮ੍ਰਿਤਸਰ (ਬਿਊਰੋ)–** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਸਮੁੱਚੇ ਹੱਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪ ਦਿੱਤੇ ਹਨ। ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ 'ਤੇ ਇਕ ਮੰਚ ਤੋਂ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਅੰਤਿਮ ਫ਼ੈਸਲਾ ਹੁਣ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 21 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਮੀਟਿੰਗ ਵਿਚ ਲਿਆ ਜਾਵੇਗਾ। ਉਹ ਇਹ ਤੈਅ ਕਰਨਗੇ ਕਿ ਇਹ ਸਾਂਝਾ ਸਮਾਗਮ ਕਿਸ ਮੰਚ ਤੋਂ ਹੋਵੇਗਾ ਅਤੇ ਇਸ ਦੀ ਰੂਪ-ਰੇਖਾ ਕੀ ਹੋਵੇਗੀ।



ਅੱਜ ਇਸ ਸਬੰਧੀ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਲਗਪਗ ਇਕ ਘੰਟਾ ਬੰਦ ਕਮਰਾ ਮੀਟਿੰਗ ਕੀਤੀ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭੇਜੇ ਸੁਨੇਹੇ ਵਾਲਾ ਬੰਦ ਲਿਫਾਫਾ ਵੀ ਜਥੇਦਾਰ ਨੂੰ ਸੌਂਪਿਆ ਗਿਆ ਅਤੇ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਮੋਬਾਈਲ 'ਤੇ ਗੱਲਬਾਤ ਵੀ ਕਰਵਾਈ ਗਈ। ਮੁੱਖ ਮੰਤਰੀ ਨਾਲ ਹੋਈ ਗੱਲਬਾਤ ਅਤੇ ਸਰਕਾਰ ਦੇ ਪ੍ਰਤੀਨਿਧਾਂ ਨਾਲ ਹੋਈ ਵਿਚਾਰ ਚਰਚਾ ਦੇ ਵੇਰਵੇ ਗਿਆਨੀ ਹਰਪ੍ਰੀਤ ਸਿੰਘ ਨੇ ਮਗਰੋਂ ਮੀਡੀਆ ਨਾਲ ਸਾਂਝੇ ਕੀਤੇ। ਗਿਆਨੀ ਹਰਪ੍ਰੀਤ ਸਿੰਘ ਨੇ ਖ਼ੁਲਾਸਾ ਕੀਤਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਕਾਸ਼ ਪੁਰਬ ਸਾਂਝੇ ਤੌਰ 'ਤੇ ਮਨਾਉਣ ਲਈ ਸਮੁੱਚਾ ਮਾਮਲਾ ਸ੍ਰੀ ਅਕਾਲ ਤਖ਼ਤ ਨੂੰ ਸੌਂਪ ਦਿੱਤਾ ਹੈ ਅਤੇ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਤੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਉਸ ਨੂੰ ਪ੍ਰਵਾਨ ਕਰਨ ਦਾ ਐਲਾਨ ਕੀਤਾ ਹੈ। ਇਸ ਮਾਮਲੇ ਨੂੰ 21 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਮੀਟਿੰਗ ਵਿਚ ਰੱਖਿਆ ਜਾਵੇਗਾ ਅਤੇ ਸਾਰੇ ਪੱਖ ਵਿਚਾਰਨ ਮਗਰੋਂ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਨੇ ਦੋਵਾਂ ਧਿਰਾਂ ਦੇ ਆਗੂਆਂ ਨੂੰ ਆਖਿਆ ਕਿ ਉਹ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਬਿਆਨਬਾਜ਼ੀ ਨਾ ਕਰੇ। ਉਨ੍ਹਾਂ ਦੱਸਿਆ ਕਿ ਸਿੱਖ ਚਿੰਤਕਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਐਲਾਨਨਾਮਾ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਸ ਵਿਚ ਅਗਲੇ 50 ਵਰ੍ਹਿਆਂ ਦੌਰਾਨ ਸਿੱਖ ਕੌਮ ਨੂੰ ਬੁਲੰਦੀ 'ਤੇ ਲਿਜਾਣ ਦਾ ਏਜੰਡਾ ਤਿਆਰ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਨੂੰ ਇਸ ਸਬੰਧੀ ਸੁਝਾਅ ਅਕਾਲ ਤਖ਼ਤ 'ਤੇ ਭੇਜਣ ਲਈ ਆਖਿਆ ਹੈ।

### ਸ਼੍ਰੋਮਣੀ ਕਮੇਟੀ ਅਕਾਲ ਤਖ਼ਤ ਦਾ ਫ਼ੈਸਲਾ ਮੰਨੇਗੀ: ਲੌਂਗੋਵਾਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਸ਼੍ਰੋਮਣੀ ਕਮੇਟੀ ਉਸ ਨੂੰ ਸਮਰਪਿਤ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਜਾ ਰਹੇ ਪੰਡਾਲ ਬਾਰੇ ਉਨ੍ਹਾਂ ਆਖਿਆ ਕਿ ਇਸ ਪੰਡਾਲ ਵਿਚ ਲਗਪਗ ਇਕ ਹਫ਼ਤਾ ਸਮਾਗਮ ਚੱਲਣੇ ਹਨ, ਇਸ ਲਈ ਪੰਡਾਲ ਦੀ ਲੋੜ ਹੈ। ਮੁੱਖ ਸਮਾਗਮ ਕਿਸ ਪੰਡਾਲ ਵਿਚ ਕੀਤਾ ਜਾਣਾ ਹੈ, ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦਾ ਫ਼ੈਸਲਾ ਪ੍ਰਵਾਨ ਹੋਵੇਗਾ ਪਰ ਉਹ ਚਾਹੁੰਦੇ ਹਨ ਕਿ ਇਹ ਸਮਾਗਮ ਸ਼੍ਰੋਮਣੀ ਕਮੇਟੀ ਦੇ ਪੰਡਾਲ ਵਿਚ ਹੀ ਕੀਤਾ ਜਾਵੇ।

## ਕੈਨੇਡਾ ਚੋਣਾਂ 'ਚ ਫ਼ੈਸਲਾਕੁਨ ਹੋਣਗੇ ਪੰਜਾਬੀ ਵੋਟਰ

**ਬਰੈਂਪਟਨ–** ਕੈਨੇਡਾ ਪਾਰਲੀਮੈਂਟ ਦੀਆਂ ਆਮ ਚੋਣਾਂ ਵਿਚ ਗਿਣਤੀ ਦੇ ਦਿਨ ਬਾਕੀ ਰਹਿ ਗਏ ਹਨ। ਕੈਨੇਡਾ ਦੇ 338 ਮੈਂਬਰਾਂ ਦੇ ਹਾਊਸ ਵਾਲੀ ਇਸ ਚੋਣ ਵਿਚ ਛੇ ਪਾਰਟੀਆਂ ਲਿਬਰਲ, ਕੰਜ਼ਰਵੇਟਿਵ, ਐਨਡੀਪੀ, ਬਲਾਕ ਕਿਊਬਕਵਾ, ਗਰੀਨ ਪਾਰਟੀ ਅਤੇ ਪੀਪਲਜ਼ ਪਾਰਟੀ ਆਫ ਕੈਨੇਡਾ ਮੈਦਾਨ 'ਚ ਹਨ। ਮੁੱਖ ਮੁਕਾਬਲਾ ਲਿਬਰਲ ਤੇ ਕੰਜ਼ਰਵੇਟਿਵ ਪਾਰਟੀ ਵਿਚਕਾਰ ਹੈ। ਚੋਣ ਸਰਵੇਖਣਾਂ ਅਨੁਸਾਰ ਇਸ ਵਾਰ ਰਲਵੀਂ ਸਰਕਾਰ ਬਣਨ ਦੇ ਆਸਾਰ ਹਨ। ਮੰਨਿਆ ਜਾ ਰਿਹਾ ਹੈ ਕਿ ਲਿਬਰਲ ਬਹੁਮਤ ਦੇ ਨੇੜੇ ਜਾ ਸਕਦੇ ਹਨ। ਇਨ੍ਹਾਂ ਨੂੰ ਤੀਜੀ ਧਿਰ ਐਨਡੀਪੀ ਦਾ ਸਹਾਰਾ ਲੈਣਾ ਪੈ ਸਕਦਾ ਹੈ। ਇਸ ਚੋਣ ਵਿਚ ਪੰਜਾਬ ਸਣੇ ਪੂਰੇ ਦੱਖਣੀ ਏਸ਼ੀਆ ਦੇ ਵੱਖ ਵੱਖ ਪਾਰਟੀਆਂ 'ਚ 99 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਨ੍ਹਾਂ ਵਿਚ ਪੰਜ ਦਰਜਨ ਪੰਜਾਬੀ ਹਨ ਤੇ ਡੇਢ ਦਰਜਨ ਪੰਜਾਬੀ ਔਰਤਾਂ ਹਨ। ਬਰੈਂਪਟਨ ਉੱਤਰੀ ਤੋਂ ਲਿਬਰਲ ਦੀ ਰੂਬੀ ਸਹੋਤਾ ਡੋਰ ਟੂ ਡੋਰ ਮੀਟਿੰਗਾਂ ਕਰ ਰਹੀ ਹੈ। ਉਨ੍ਹਾਂ ਦੀ ਟੱਕਰ ਕੰਜ਼ਰਵੇਟਿਵ ਦੇ ਅਰਪਨਾ ਖੰਨਾ ਅਤੇ ਐਨਡੀਪੀ ਦੇ ਮਲੀਸਾ ਐਡਵਾਰਡਜ਼ ਨਾਲ ਤਿਕੋਣੀ ਹੈ। ਬਰੈਂਪਟਨ ਪੱਛਮੀ ਲਿਬਰਲ ਦੀ ਕਮਲ ਖਹਿਰਾ ਦੀ ਟੱਕਰ ਕ੍ਰਮਵਾਰ ਕੰਜ਼ਰਵੇਟਿਵ ਦੇ ਮੁਰਾਰੀਲਾਲ ਅਤੇ ਐਨਡੀਪੀ ਦੀ ਨਵਜੀਤ ਕੌਰ ਨਾਲ ਹੈ। ਬਰੈਂਪਟਨ ਦੱਖਣੀ ਤੇ ਸੋਨੀਆ ਸਿੱਧੂ ਲਿਬਰਲ, ਰਮਨਦੀਪ ਬਰਾੜ ਕੰਜ਼ਰਵੇਟਿਵ ਅਤੇ ਮਨਦੀਪ ਕੌਰ ਆਹਮੋ-ਸਾਹਮਣੇ ਹਨ। ਮੰਤਰੀ ਨਵਦੀਪ ਸਿੰਘ ਬੈਂਸ ਮਾਲਟਨ ਹਲਕੇ ਤੋਂ ਚੋਣ ਲੜ ਰਹੇ ਹਨ। ਉਨ੍ਹਾਂ ਦਾ ਮੁਕਾਬਲਾ ਕੰਜ਼ਰਵੇਟਿਵ ਦੇ ਟੌਮ ਵਰਗੀਜ਼ ਨਾਲ ਹੈ। ਮੰਤਰੀ ਅਮਰਜੀਤ ਸੋਹੀ ਐਡਮਿੰਟਨ ਮਿਲ ਵੂਡਜ਼ ਹਲਕੇ ਤੋਂ ਮੈਦਾਨ ਵਿਚ ਹਨ ਉਨ੍ਹਾਂ ਦੀ ਟੱਕਰ ਕੰਜ਼ਰਵੇਟਿਵ ਦੇ ਟਿਮ ਉੱਪਲ ਨਾਲ ਹੈ। ਐਨਡੀਪੀ ਦੇ ਲਿਗਿਲ ਲੋਗਾਂ ਵੀ ਮਜ਼ਬੂਤ ਉਮੀਦਵਾਰ ਹਨ। ਗ੍ਰਹਿ ਮੰਤਰੀ ਹਰਜੀਤ ਸਿੰਘ ਸੱਜਣ ਵੈਨਕੂਵਰ ਦੱਖਣੀ ਤੋਂ ਚੋਣ ਮੈਦਾਨ ਵਿਚ ਹਨ। ਉਨ੍ਹਾਂ ਦੀ ਟੱਕਰ ਕੰਜ਼ਰਵੇਟਿਵ ਦੇ ਉਮੀਦਵਾਰ ਵਾਈ ਯੰਗ ਨਾਲ ਹੈ। ਸਰੀ ਨਿਊਟਨ ਤੋਂ ਲਿਬਰਲ ਉਮੀਦਵਾਰ ਸੁਖ ਧਾਲੀਵਾਲ, ਕੰਜ਼ਰਵੇਟਿਵ ਤੋਂ ਹਰਪ੍ਰੀਤ ਸਿੰਘ ਤੇ ਐਨਡੀਪੀ ਤੋਂ ਹਰਜੀਤ ਸਿੰਘ ਗਿੱਲ ਚੋਣ ਲੜ ਰਹੇ ਹਨ।






MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga




RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਰਾਜਾ ਨਾਭ ਕੰਵਲ ਸਾਹਿਬ ਜੀ ਨੂੰ ਸ਼ਰਧਾ ਪੂਰਵਕ ਯਾਦ ਕੀਤਾ ਗਿਆ

**ਪਿਟਸਬਰਗ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਲੰਘੇ ਐਤਵਾਰ 13 ਅਕਤੂਬਰ ਨੂੰ ਹਜੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਨੂੰ ਉਹਨਾਂ ਦੇ ਸੇਵਕਾਂ ਵੱਲੋਂ ਬਹੁਤ ਹੀ ਸਤਿਕਾਰ ਅਤੇ ਸ਼ਰਧਾ ਪੂਰਵਕ ਯਾਦ ਕਰਦਿਆਂ ਉਹਨਾਂ ਦੀ 79ਵੀਂ ਬਰਸੀ ਮਨਾਈ ਗਈ। ਇਸ ਸਬੰਧਤ ਬ੍ਰਹਮ ਗਿਆਨੀ ਭਗਵਾਨ ਦਾਸ ਰਾਜਾ ਸਾਹਿਬ ਜੀ ਦੇ ਸੇਵਕ ਪਰਿਵਾਰਾਂ ਵੱਲੋਂ 11 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਆਰੰਭ ਕਰਵਾਏ ਗਏ ਅਤੇ 13 ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੌਰਾਨ ਗੁਰੂ ਘਰ ਦੇ ਰਾਗੀ ਜਥੇ ਭਾਈ ਸਾਹਿਬ ਭਾਈ ਗੁਰਨਾਮ ਸਿੰਘ ਜੀ ਅਤੇ ਭਾਈ ਓਮਪਾਲ ਸਿੰਘ ਜੀ ਤੋਂ ਇਲਾਵਾ ਭਾਈ ਸਾਹਿਬ ਸਰ-ਬਜੀਤ ਸਿੰਘ ਜੀ ਦੇ ਢਾਡੀ ਜਥੇ ਨੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਦੂਰੋਂ-ਨੇੜਿਉਂ ਸੰਗਤਾਂ ਨੇ ਭਰਵੀਂ ਹਾਜ਼ਰੀ ਭਰਦਿਆਂ ਗੁਰਬਾਣੀ ਅਤੇ ਢਾਡੀ ਵਾਰਾਂ ਨੂੰ ਆਨੰਦਮਈ ਸਰਵਣ ਕੀਤਾ ਅਤੇ ਵੱਖ-ਵੱਖ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ।

ਅੱਜ ਦੇ ਇਸੇ ਵਿਸ਼ੇਸ਼ ਸਮਾਗਮ ਦਾ ਸੰਚਾਲਨ ਗੁਰੂ ਘਰ ਦੇ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਧਰਮਪਾਲ ਚੌਂਕੜੀਆਂ ਨੇ ਕੀਤਾ ਅਤੇ ਉਹਨਾਂ ਦਾ ਸਾਥ ਸ. ਸੰਤੋਖ ਸਿੰਘ ਰੱਲ੍ਹ ਨੇ ਬਾਖੂਬੀ ਨਿਭਾਇਆ। ਗੁਰੂ ਘਰ ਦੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਜ਼ੈਲਾ ਜੱਗੀ ਅਤੇ ਸ੍ਰੀ ਸੁੱਚਾ ਸਿੰਘ ਰਾਏਪੁਰ ਤੋਂ ਇਲਾਵਾ ਭਾਈ ਸਰਬਜੀਤ ਸਿੰਘ ਦੇ ਸਮੂਹ ਢਾਡੀ ਜਥੇ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ ਅਤੇ ਕਮੇਟੀ ਵੱਲੋਂ ਸੇਵਕ ਪਰਿਵਾਰਾਂ ਤੇ ਸਮੂਹ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕੀਤਾ ਗਿਆ।























Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰੂ ਨਾਨਕ ਦੇਵ ਜੀ ਦੇ ਜੀਵਨ ਸਿੱਖਿਆਵਾਂ ਤੇ ਫਲਸਫੇ ਨਾਲ ਸਬੰਧਤ ਅਮਰੀਕਾ 'ਚ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ

**ਨਿਊ ਕਾਸਲ, ਡੈਲਾਵੇਅਰ ( ਹੁਸਨ ਲੜੋਆ ਬੰਗਾ)** ਮਨੁੱਖਤਾ ਦੇ ਰਹਿਬਰ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਸਿੱਖਿਆਵਾਂ, ਵਿਚਾਰਧਾਰਾ ਅਤੇ ਫਿਲਾਸਫੀ ਨੂੰ ਤਸਵੀਰਾਂ ਦੇ ਰੂਪ 'ਚ ਸਮੁੱਚੇ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਦੇ ਲਈ ਡੈਲਾਵੇਅਰ ਸਿੱਖ ਅਵੇਰਨੈਸ ਕੋਲੀਸ਼ਨ ਦੇ ਵੱਲੋਂ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਵੱਖ ਵੱਖ ਧਰਮਾਂ ਦੇ ਲੋਕਾ ਦੇ ਲਈ ਪ੍ਰੇਰਨਾ ਦਾ ਸਰੋਤ ਬਣੇਗੀ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਹੋਇਆ ਕੀਤਾ । ਸਿੱਖ ਅਵੇਰਨੈਸ ਕੋਲੀਸ਼ਨ ਵੱਲੋਂ ਅਮਰੀਕਾ ਦੀ ਡੈਲਵੇਅਰ ਸਟੇਟ ਦੀ ਨਿਊ ਕਾਸਲ ਦੀ ਸਟੇਟ ਲਾਬਿਰੇਰੀ ਵਿੱਚ ਸ਼ ਚਰਨਜੀਤ ਸਿੰਘ ਮਿਨਹਾਸ, ਆਰਟਿਸਟ ਸਵਰਨਜੀਤ ਸਿੰਘ ਸਵੀ ਅਤੇ ਸ. ਪਰਮਜੀਤ ਸਿੰਘ ਸਰੋਆ ਦੇ ਸਾਂਝੇ ਉਦਮਾ ਸਦਕਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਗਾਈ ਗਈ ਯਾਦਗਾਰੀ ਤਸਵੀਰਾਂ ਦੀ ਪ੍ਰਦਰਸ਼ਨੀ ਦਾ ਰਸਮੀ ਉਦਾਘਟਨ ਡੈਲਾਵੇਅਰ ਸਟੇਟ ਦੇ ਨਿਊ ਕਾਸਲ ਕਾਉਟੀ ਦੇ ਮੇਅਰ ਮੈਥਉ ਨੇ ਕੀਤਾ । ਇਸ ਸਮੇਂ ਉਹਨਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਉਦਾਘਟਨੀ ਸਮਾਗਮ ਦੌਰਾਨ ਇੱਕਤਰ ਹੋਈਆ ਪ੍ਰਮੁੱਖ ਸ਼ਖਸੀਅਤਾਂ ਨੂੰ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਮੁੱਚੇ ਵਿਸ਼ਵ ਭਾਈਚਾਰੇ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਉਥੇ ਨਾਲ ਹੀ ਸਮਾਨਤਾ ਤੇ ਸਮਾਜਿਕ ਚੇਤਨਾ ਦੀ ਗੱਲ ਕੀਤੀ । ਸ੍ਰੀ ਮੈਥਉ ਨੇ ਡੈਲਾਵੇਅਰ



ਸਿੱਖ ਅਵੇਰਨੈਸ ਕੋਲੀਸ਼ਨ ਗੁਰੂ ਸਾਹਿਬਾਂ ਦੇ ਜੀਵਨ, ਸਿੱਖਿਆਵਾਂ ਤੇ ਫਲਾਸਫੇ ਤੇ ਅਧਾਰਿਤ ਲਗਾਈ ਗਈ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਇੱਕ ਚਾਨਣ ਮੁਨਾਰਾ ਕਰਾਰ ਦਿੰਦਿਆਂ ਹੋਇਆ ਕਿਹਾ ਕਿ ਗੁਰੂ ਸਾਹਿਬ ਦੀਆਂ ਇਹਨਾਂ ਤਸਵੀਰਾਂ ਨੂੰ ਦੇਖ ਕੇ ਸਾਨੂੰ ਆਪਣੇ ਜੀਵਨ ਨੂੰ ਰੁਸ਼ਨਾਣਾ ਚਾਹੀਦਾ ਹੈ ਅਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਦਾ ਅਹਿਦ ਕਰਨਾ ਚਾਹੀਦਾ ਹੈ । ਸਮਾਗਮ ਦੌਰਾਨ ਟੋਮ ਡੇਵਿਸ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆ ਕਿਹਾ ਕਿ ਗੁਰੂ ਨਾਨਕ ਸਾਹਿਬ ਦੀਆ ਸਿੱਖਿਆਵਾਂ ਪਰੈਸਬੀਟੇਰੀਅਨ ਚਰਚ ਵਿੱਚ ਕਾਫੀ ਆਪਸੀ ਸਮਾਨਤਾਵਾ ਹਨ। ਜੋ ਸਾਨੂੰ ਆਪਸ ਵਿੱਚ ਜੁੜਨ ਦਾ ਸੰਦੇਸ਼ ਦਿੰਦਿਆ ਹਨ । ਇਸਲਾਮਿਕ ਸੁਸਾਇਟੀ ਦੇ ਇਰਫਾਨ ਪਟੇਲ ਨੇ ਕਿਹਾ ਕਿ ਅੱਜ ਅਸੀ ਬੜੇ ਭਾਗਾਂ ਵਾਲੇ ਹਾਂ ਕਿ ਡੈਲਾਵੇਅਰ ਸਟੇਟ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਖੂਬਸੂਰਤੀ ਦਾ ਆਨੰਦ ਮਾਣਨ ਵਿੱਚ ਫਖ਼ਰ ਮਹਿਸੂਸ ਕਰ ਰਿਹਾ ਹੈ ।

ਸਮਾਗਮ ਦੌਰਾਨ ਸੈਨੇਟਰ ਬਿਰਆਨ ਟਾਉਨਸੈਡ ਨੇ ਵੀ ਗੁਰੂ ਨਾਨਕ ਸਾਹਿਬ ਜੀ ਨੂੰ ਆਪਣਾ ਸਿੱਜਦਾ ਭੇਟ ਕਰਦਿਆ ਹੋਇਆਂ ਕਿਹਾ ਕਿ ਉਹਨਾਂ ਦੀਆਂ ਸਿੱਖਿਆਵਾਂ ਨੂੰ ਸਮੁੱਚੇ ਵਿਸ਼ਵ ਅੰਦਰ ਵੱਧ ਤੋਂ ਵੱਧ ਪ੍ਰਚਾਰ ਕਰਨ ਦੀ ਸਮੇਂ ਦੀ ਲੋੜ ਹੈ ਤਾਂ ਕਿ ਸਮੁੱਚੇ ਵਿਸ਼ਵ ਦੇ ਭਾਈਚਾਰੇ ਅੰਦਰ ਅਮਨ, ਸ਼ਾਂਤੀ ਦਾ ਮਾਹੌਲ ਪੈਦਾ ਹੋ ਸਕੇ । ਇਸ ਦੌਰਾਨ ਡੈਲਾਵੇਅਰ ਸਿੱਖ ਅਵੇਰਨੈਸ ਸਿੱਖ ਕੋਲੀਸ਼ਨ ਦੇ ਚੇਅਰਮੈਨ ਸ਼ ਚਰਨਜੀਤ ਸਿੰਘ ਮਿਨਹਾਸ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੌਰਾਨ ਸਮੁੱਚੀ ਲੋਕਾਈ ਨੂੰ ਤਾਰਨ ਦੇ ਲਈ ਸਰਬ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਨੂੰ ਲੋਕ ਭਾਸ਼ਾ ਦੇ ਰੂਪ ਵਜੋਂ ਚੁਣਿਆ । ਸ਼ ਮਿਨਹਾਸ ਨੇ ਅਮਰੀਕਾ ਵਿੱਚ ਵੱਸਦੇ ਸਮੂਹ ਧਰਮਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 12 ਨਵੰਬਰ ਤੱਕ ਚੱਲਣ ਵਾਲੀ ਉਕਤ ਪ੍ਰਦਰਸ਼ਨੀ ਨੂੰ ਦੇਖਣ ਦੇ ਲਈ ਵੱਧ ਤੋਂ ਵੱਧ ਪੁੱਜਣ ।

# ਅਮਰੀਕਾ ਦੇ ਸਪਰਿੰਗਫੀਲਡ ਵਿਸ਼ਵ ਸਭਿਆਚਾਰਕ ਮੇਲੇ ਵਿਚ ਸਿੱਖਾਂ ਦੀ ਨਿਵੇਕਲੀ ਪਛਾਣ ਬਣੀ ਖਿੱਚ ਦਾ ਕੇਂਦਰ

**ਡੇਟਨ, ਓਹਾਇਔ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਪ੍ਰਸਿੱਧ ਸੂਬੇ ਓਹਾਇਔ ਦੇ ਪ੍ਰਸਿੱਧ ਸ਼ਹਿਰ ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ ਵਿਖੇ 23 ਵਾਂ ਵਿਸ਼ਵ ਪੱਧਰੀ ਸਭਿਆਚਾਰਕ ਮੇਲਾ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਅਮਰੀਕਾ ਵਿਚ ਦੁਨੀਆਂ ਦੇ ਵੱਖ ਵੱਖ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿਚ ਇਕ ਸਾਂਝ ਪੈਦਾ ਕਰਨ ਲਈ ਕਈ ਸ਼ਹਿਰਾਂ ਵਿਚ ਵਿਸ਼ਵ ਸਭਿਆਚਾਰਕ ਮੇਲੇ ਲੱਗਦੇ ਹਨ। ਸਪਰਿੰਗਫੀਲਡ ਦੇ ਇਸ ਮੇਲੇ ਵਿਚ ਕਈ ਪੰਜਾਬੀ ਨੇੜਲੇ ਸ਼ਹਿਰ ਡੇਟਨ, ਸਿਨਸਿਨਾਟੀ ਤੇ ਕੋਲੰਬਸ ਦੇ ਵਸਨੀਕਾਂ ਦੇ ਸਹਿਯੋਗ ਨਾਲ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਸਿੱਖਾਂ ਵਿਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿਚ ਅਮਰੀਕਨਾਂ ਨੂੰ ਦਸਤਾਰਾਂ ਸਜਾਈਆਂ ਗਈਆਂ ਤੇ ਸਿੱਖਾਂ ਨਾਲ ਸਬੰਧਤ ਲਿਟਰੇਚਰ ਵੀ ਵੰਡਿਆ ਗਿਆ। ਲੋਕਾਂ ਵਲੋਂ ਖੁਸ਼ੀ ਖੁਸ਼ੀ ਦਸਤਾਰਾਂ ਸਜਾਈਆਂ ਗਈਆਂ ਅਤੇ ਨਾਲ ਹੀ ਉਹਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਮੇਲੇ ਵਿਚ ਜਦ ਹੀ




ਦਸਤਾਰਾਂ ਬਨਣੀਆਂ ਸ਼ੁਰੂ ਕੀਤੀਆ ਗਈਆ, ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ ਅਤੇ ਵੱਡੀ ਗਿਣਤੀ ਵਿਚ ਦਸਤਾਰਾਂ ਸਜਾਈਆਂ ਗਈਆਂ। ਸਿੱਖਾਂ ਅਤੇ ਉਨਾਂ ਦੀ ਨਿਵਕੇਲੀ ਪਛਾਣ ਤੋਂ ਜਾਣੂ ਕਰਾਉਣ ਲਈ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿਚ ਸਿਖ ਫੌਜੀਆਂ, ਸਿੱਖਾਂ ਦੀ ਦਸਤਾਰ, ਕੇਸਾਂ ਤੇ ਸਿੱਖਾਂ ਨਾਲ ਸੰਬੰਧਿਤ ਹੋਰ ਤਸਵੀਰਾਂ ਵੀ ਇਸ ਪ੍ਰਦਰਸ਼ਨੀ ਵਿਚ ਰਖੀਆਂ ਗਈਆਂ। ਸਪਰਿੰਗਫੀਲਡ ਦੇ ਪੁਲਿਸ ਚੀਫ ਲੀ ਗ੍ਰਾਫ ਵੀ ਸਿੱਖਸ ਇਨ ਅਮਰੀਕਾ ਦੇ ਬੂਥ ਤੇ ਆਏ। ਉਹਨਾਂ ਨੇ ਹੁਸਟਨ ਵਿਖੇ ਸਿੱਖ ਪਛਾਣ ਨੂੰ ਕਾਇਮ ਰੱਖਦੇ ਸ਼ਹੀਦ ਹੋਏ ਦਸਤਾਰਧਾਰੀ ਡਿਪਟੀ ਸ਼ੈਰੀਫ ਸੰਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ।

ਡੇਟਨ ਦੇ ਵਸਨੀਕ ਫਲਾਈ ਅੰਮ੍ਰਿਤਸਰ ਮੁਹਿੰਮ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨਾਲ ਗੱਲਬਾਤ ਕਰਦਿਆਂ ਪੁਲਿਸ ਚੀਫ ਨੇ ਸਿੱਖਾਂ ਨੂੰ ਸਪਰਿੰਗਫੀਲਡ ਪੁਲਿਸ ਵਿਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ। ਸਿੱਖਾਂ ਨੂੰ ਹਾਲੇ ਅਮਰੀਕਾ ਦੇ ਸਿਰਫ ਕੁੱਝ ਸ਼ਹਿਰਾਂ ਵਿਚ ਸਿੱਖੀ ਸਰੂਪ ਵਿਚ ਸ਼ਾਮਲ ਹੋਣ ਦੀ ਆਗਿਆ ਹੈ। ਇਸ ਪੇਸ਼ਕਸ਼ ਦਾ ਸਿਖ ਭਾਈਚਾਰੇ ਵਲੋਂ ਸਵਾਗਤ ਕੀਤਾ ਗਿਆ ਹੈ। ਮੇਅਰ ਵਾਰਨ ਕੋਪ ਨੇ ਉਦਘਾਟਨ ਦੀ ਰਸਮ ਅਦਾ ਕੀਤੀ। ਉਪਰੰਤ ਵੱਖ-ਵੱਖ ਮੁਲਕਾਂ ਤੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਗਿੱਧਾ ਤੇ ਭੰਗੜਾ ਵੀ ਸ਼ਾਮਲ ਸਨ। ਕੋਲਬੰਸ ਦੇ ਵਸਨੀਕ ਸ. ਗੁਰਪ੍ਰੀਤ ਸਿੰਘ ਨੇ ਢੋਲ ਦੇ ਡੱਗੇ ਤੇ ਅਮਰੀਕੀ ਨਚਣੇ ਲਾ ਦਿੱਤੇ। ਇਸ ਪਿੱਛੋਂ ਗਿੱਧੇ ਅਤੇ ਭੰਗੜੇ ਨੇ ਵੀ ਖੂਬ ਰੰਗ ਬੰਨਿਆ।






## ਮਾਤਾ ਹਰਬੰਸ ਕੌਰ ਦੇ ਅਕਾਲ ਚਲਾਣੇ 'ਤੇ ਮਿਨਹਾਸ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸਾਹਿਤਕ ਸਖਸ਼ੀਅਤ, ਪੱਤਰਕਾਰ ਅਤੇ ਰੇਡੀਓ ਹੋਸਟ ਸ. ਸੰਤੋਖ ਸਿੰਘ ਮਿਨਹਾਸ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਹਰਬੰਸ ਕੌਰ ਮਿਨਹਾਸ (ਪਤਨੀ ਸਵ: ਸ. ਇੰਦਰਜੀਤ ਸਿੰਘ ਮਿਨਹਾਸ) 13 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਉਮਰ 91 ਸਾਲ ਸੀ ਅਤੇ ਪਿਛਲਾ ਪਿੰਡ ਕੋਟਕਪੂਰਾ, ਜਿਲਾ ਫਰੀਦਕੋਟ ਤੋਂ ਸਨ। ਉਹ ਬਹੁਤ ਲੰਮੇ ਸਮੇਂ ਤੋਂ ਫਰਿਜ਼ਨੋ ਰਹਿ ਰਹੇ ਸਨ। ਉਹ ਬਹੁਤ ਹੀ ਨਿੱਘੇ ਅਤੇ ਗੁਰਮੁੱਖ ਸੁਭਾਅ ਦੇ ਮਾਲਕ ਸਨ। ਜੋ ਆਪਣੇ ਪਿੱਛੇ ਪਰਿਵਾਰ ਦੀ ਇਕ ਵੱਡੀ ਹੱਸਦੀ-ਖੇਡਦੀ ਫੁੱਲਬਾੜੀ ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸੰਸਕਾਰ 19 ਅਕਤੂਬਰ 2019, ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਫਿਊਨਰਲ ਹੋਮ' ਫਰਿਜ਼ਨੋ ਵਿਖੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗਾ। ਜਿਸ ਦਾ ਪਤਾ: 4800 E. Clayton Ave, Fowler, CA-93625ਹੈ। ਇਸ ਉਪਰੰਤ ਅੰਤਮ ਅਰਦਾਸ 'ਗੁਰਦੁਆਰਾ ਸਿੰਘ ਸਭਾ' ਫਰਿਜ਼ਨੋ ਵਿਖੇ 2 ਵਜ਼ੇ ਤੋਂ 3 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4827 N. Parkway Drive, Fresno, CA 93722 ਹੈ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਸਪੁੱਤਰਾਂ ਨਾਲ ਸੰਪਰਕ ਕਰਨ ਲਈ ਫੋਨ ਕਰ ਸਕਦੇ ਹੋ। ਜਿੰਨਾਂ ਵਿੱਚ ਸ. ਸੰਤੋਖ ਸਿੰਘ ਮਿਨਹਾਸ (559) 283-6376, ਸ. ਪਰਦੀਪ ਸਿੰਘ ਮਿਨਹਾਸ (559) 575-3365, ਸ. ਤਰਲੋਕ ਸਿੰਘ ਮਿਨਹਾਸ (559) 790-8863 ਜਾਂ ਉਨ੍ਹਾਂ ਦੇ ਜਵਾਈ ਸ. ਨਿਰਮਲ ਗਿੱਲ ਧਨੋਲਾ: 559 270 9880 ਨਾਲ ਗੱਲ ਕਰ ਸਕਦੇ ਹੋ।



## ਬੌਬੀ ਵਿਰਕ ਦੇ ਪਰਿਵਾਰ ਨੂੰ ਸਦਮਾ- ਦਾਦੀ ਮਾਤਾ ਸੁਖਦੇਵ ਕੌਰ ਦਾ ਦੇਹਾਂਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਡਾ. ਬੌਬੀ ਵਿਰਕ ਤੇ ਡਾ. ਨਵਦੀਪ ਸਿੰਘ ਵਿਰਕ (ਬਨੀ) ਦੇ ਦਾਦੀ ਜੀ ਤੇ ਉਹਨਾਂ ਦੇ ਪਿਤਾ ਕਰਨਲ ਹਰਦਿਆਲ ਸਿੰਘ ਵਿਰਕ ਦੇ ਪੂਜਨੀਕ ਮਾਤਾ ਜੀ ਸੁਖਦੇਵ ਕੌਰ (98) ਦਾ ਅਚਨਚੇਤ 10 ਅਕਤੂਬਰ ਸ਼ਾਮ ਨੂੰ ਦੇਹਾਂਤ ਹੋ ਗਿਆ, ਜਿਹਨਾਂ ਦਾ ਸਸਕਾਰ 20 ਅਕਤੂਬਰ ਐਤਵਾਰ ਨੂੰ ਕੈਂਟ ਵਿਚ 11 ਤੋਂ 1 ਵਜੇ ਤੱਕ ਅਤੇ ਅੰਤਿਮ ਅਰਦਾਸ ਘਰ (19630 ਐਸ. ਈ. 184 ਸਟਰੀਟ ਰੈਨਟਨ) ਪਖਚ 1.30 ਤੋਂ 3 ਵਜੇ ਤੱਕ ਹੋਵੇਗੀ ਅਤੇ ਲੰਗਰ ਵਰਤੇਗਾ। ਮਾਤਾ ਸੁਖਦੇਵ ਕੌਰ ਆਪਣੇ ਪਿੱਛੇ ਦੋ ਲੜਕੇ ਕਰਨਲ ਹਰਦਿਆਲ ਸਿੰਘ ਵਿਰਕ ਤੇ ਡਾ. ਗੁਰਦਿਆਲ ਸਿੰਘ ਵਿਰਕ ਤੇ ਲੜਕੀ ਅਵੀਨਾਸ਼ ਕੌਰ ਤੋਂ ਇਲਾਵਾ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਸਮੇਤ ਵੱਸਦਾ-ਰੱਸਦਾ ਖੁਸ਼ਹਾਲ ਪਰਿਵਾਰ ਛੱਡ ਗਏ ਹਨ। ਕਰਨਲ ਹਰਦਿਆਲ ਸਿੰਘ ਵਿਰਕ ਨੇ ਦੱਸਿਆ ਕਿ ਮਾਤਾ ਜੀ ਧਾਰਮਿਕ ਬਿਰਤੀ ਵਾਲੇ ਮਿਠਬੋਲੜੇ ਤੇ ਨੇਕ ਸਲਾਹ ਦੇਣ ਵਾਲੇ ਮਿਲਣਸਾਰ ਤੇ ਮਿਹਨਤੀ ਸਨ, ਜੋ ਆਪਣੀ ਸਿਹਤ ਦਾ ਖਾਸ ਧਿਆਨ ਰੱਖਦੇ ਹੋਏ ਸੈਰ ਕਰਨੀ ਅਤੇ ਸ਼ਰਧਾਲੂ ਸੁਭਾਅ ਵਾਲੇ ਸਨ, ਜਿਹਨਾਂ ਦੇ ਇਸ ਫਾਨੀ ਸੰਸਾਰ ਤੋਂ ਸਦਾ ਲਈ ਵਿੱਛੜ ਜਾਣ ਤੇ ਪਰਿਵਾਰ, ਰਿਸ਼ਤੇਦਾਰਾਂ ਤੇ ਸਨੇਹੀਆਂ ਨੂੰ ਸਦਮਾ ਲੱਗਾ ਹੈ। ਰੋਸੇ ਦੇ ਜੰਮਪਲ ਮਾਤਾ ਸੁਖਦੇਵ ਕੌਰ ਦਾ ਵਿਆਹ ਸ਼ੂਗਰ ਮਿੱਲ ਦੇ ਮੈਨੇਜਿੰਗ ਡਾਇਰੈਕਟਰ ਸ. ਇਕਬਾਲ ਸਿੰਘ ਔਜਲਾ ਨਾਲ ਪਾਕਿਸਤਾਨ ਦੇ ਸ਼ੇਖੂਪੁਰ ਜ਼ਿਲ੍ਹੇ ਦੇ ਪਿੰਡ ਕਾਹਲੋਂਕੇ ਵਿਖੇ ਹੋਈ, ਜੋ ਵੰਡ ਤੋਂ ਬਾਅਦ ਕਰਨਾਲ ਨੇੜੇ ਪਿੰਡ ਬਾਸਾਂ ਆ ਵੱਸੇ, ਜਿਹਨਾਂ ਦੇ ਸਦਾ ਲਈ ਵਿੱਛੜ ਜਾਣ ਦਾ ਸਿਆਟਲ ਦੇ ਪੰਜਾਬੀ ਭਾਈਚਾਰੇ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।



# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ ਏਰੀਆ) ਵਲੋਂ ਵਾਰਸ਼ਿਕ ਗਲੋਬਲ ਸਾਹਿਤਕ ਕਾਨਫ਼ਰੰਸ 20 ਅਕਤੂਬਰ 2019 ਨੂੰ

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ ਏਰੀਆ) ਵਲੋਂ October 20, 2019 ਦਿਨ ਐਤਵਾਰ ਨੂੰ 10:00 am-10:00 pm qwk Golden India cuisine 4918 Paseo Padre Fremont CA Ph[ 510-745-1000 ਵਿਖੇ ਵਾਰਸ਼ਿਕ ਗਲੋਬਲ ਸਾਹਿਤਕ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਡਾ. ਸੁਖਦੇਵ ਸਿੰਘ ਖਾਰਾ ( ਗੁਰੂ ਨਾਨਕ ਦੇਵ ਯੂਨੀਵਰਸਿਟੀ ਪੰਜਾਬ) ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਨਾਮਵਰ ਸ਼ਾਇਰ ਮੱਖਣ ਮਾਨ (ਪੰਜਾਬ) ਅਤੇ ਰਵਿੰਦਰ ਸਹਿਰਾਅ ਵਿਸ਼ੇਸ਼ ਮਹਿਮਾਨ ਹੋਣਗੇ।

**ਪ੍ਰੋਗਰਾਮ ਦਾ ਵੇਰਵਾ:**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਦਿਵਸ ਨੂੰ ਸਮਰਪਣ ਹੋਵੇਗਾ। ਦੂਜੇ ਸੈਸ਼ਨ ਵਿਚ ਪ੍ਰੋ.ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਰਵਿੰਦਰ ਸਹਿਰਾਅ ਵਲੋਂ ਸੰਪਾਦਿਤ ਪੁਸਤਕ 'ਅਮਰੀਕੀ ਪੰਜਾਬੀ ਕਵਿਤਾ' -ਭਾਗ ਦੂਜਾ ਤੇ ਡਾ. ਸੁਖਦੇਵ ਸਿੰਘ ਖਾਰਾ (ਗੁਰੂ ਨਾਨਕ ਦੇਵ ਯੂਨੀਵਰਸਿਟੀ ਪੰਜਾਬ) ਪੇਪਰ ਪੜ੍ਹਨਗੇ ਅਤੇ ਪੁਸਤਕ ਲੋਕ ਅਰਪਣ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹਰਭਜਨ ਸਿੰਘ ਢਿੱਲੋਂ ਅਤੇ ਮੱਖਣ ਮਾਨ ਜੀ ਦੇ ਕਾਵਿ -ਸੰਗ੍ਰਹਿ ਵੀ ਲੋਕ ਅਰਪਿਤ ਕੀਤੇ ਜਾਣਗੇ। ਦੁਪਹਿਰ ਦੇ ਖਾਣੇ ਤੋਂ ਬਾਅਦ ਮਿੰਨੀ ਕਹਾਣੀ ਦਰਬਾਰ, ਕਵੀ ਦਰਬਾਰ ਅਤੇ ਮਾਣ-ਸਨਮਾਨ ਤੋਂ ਬਾਅਦ ਰਾਤ ਦਾ ਖਾਣਾ ਹੋਵੇਗਾ। ਇਸ ਉਪਰੰਤ ਨਾਮਵਰ ਸੂਫ਼ੀ ਗਾਇਕ ਸੁਖਦੇਵ ਸਾਹਿਲ ਵਲੋਂ ਸੰਗੀਤਕ ਮਹਿਫ਼ਲ ਸਜਾਈ ਜਾਵੇਗੀ।

ਆਪ ਨੂੰ ਆਪਣੇ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਦੇ ਨਾਲ ਇਸ ਕਾਨਫਰੰਸ ਵਿਚ ਹੁੰਮ-ਹੁਮਾ ਕੇ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

**ਹੋਰ ਜਾਣਕਾਰੀ ਲਈ ਸੰਪਰਕ ਪਤਾ:**

ਪ੍ਰਧਾਨ : ਸੁਰਿੰਦਰ ਸਿੰਘ ਸੀਰਤ: 510-847-1698
ਜਨਰਲ ਸਕੱਤਰ: ਲਾਜ ਨੀਲਮ ਸੈਣੀ 510-502-0551

# ਸ੍ਰੀ ਹਰਿ ਮੰਦਰ ਸਾਹਿਬ ਦਾ ਸਿੱਧਾ ਪ੍ਰਸਾਰਨ 24 ਘੰਟੇ ਕੀਤਾ ਜਾਵੇ: ਡਾ.ਗੁਮਟਾਲਾ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਕ ਨਿਜੀ ਪੱਤਰ ਲਿੱਖ ਕੇ ਮੰਗ ਕੀਤੀ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਧਿਆਨ ਵਿਚ ਰਖਦੇ ਹੋਇ ਸ੍ਰੀ ਦਰਬਾਰ ਸਾਹਿਬ ਦੇ ਪੀ. ਟੀ. ਸੀ., ਟੀ. ਵੀ.ਚੈਨਲ ਤੋਂ 24 ਘੰਟੇ ਸਿੱਧਾ ਪ੍ਰੋਗਰਾਮ ਪ੍ਰਸਾਰਿਤ ਕੀਤਾ ਜਾਵੇ ਤੇ ਇਸ ਨੂੰ ਜਿੰਨੀ ਦੇਰ ਤੀਕ ਕੋਈ ਬਦਲਵਾਂ ਪ੍ਰਬੰਧ ਨਹੀਂ ਹੋ ਜਾਂਦਾ ਜਾਰੀ ਰਖਿਆ ਜਾਵੇ। ਇਸ ਸਮੇਂ ਸ੍ਰੀ ਦਰਬਾਰ ਸਾਹਿਬ ਦਾ ਰੇਡੀਓ ਦੁਆਰਾ ਕੀਰਤਨ ਦਾ ਸਾਰੇ ਦਿਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਂਦਾ ਹੈ,ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੂ ਆਨੰਦ ਮਾਣ ਰਹੇ ਹਨ। ਏਸੇ ਤਰ੍ਹਾਂ ਗੁਰਬਾਣੀ ਨੂੰ ਘਰ ਘਰ ਪਹੁੰਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਟੀ. ਵੀ. ਚੈਨਲ ਲਾਏ, ਜਿੱਥੋਂ 24 ਘੰਟੇ ਸਿੱਧਾ ਪ੍ਰਸਾਰਨ ਕੀਤਾ ਜਾਵੇ । ਇਸ ਚੈਨਲ ਤੋਂ ਸ਼ਰਤਾਂ ਅਧੀਨ ਦੂਜੇ ਚੈਨਲਾਂ ਵਾਲਿਆਂ ਨੂੰ ਪ੍ਰਸਾਰਨ ਕਰਨ ਦੀ ਮੁਫ਼ਤ ਵਿਚ ਆਗਿਆ ਦਿੱਤੀ ਜਾਵੇ ਤਾਂ ਜੋ ਦੁਨੀਆਂ ਭਰ ਵਿਚ ਵਸਦੇ ਨਾਮ ਲੇਵਾ ਇਲਾਹੀ ਬਾਣੀ ਦਾ ਆਨੰਦ ਮਾਣ ਸਕਣ। ਜਦ ਇਹ ਚੈਨਲ ਕਾਮਯਾਬ ਹੋ ਜਾਵੇ ਤਾਂ ਦੂਜਾ ਚੈਨਲ ਕੇਵਲ ਸਿੱਖੀ ਦੇ ਪ੍ਰਚਾਰ ਲਈ ਸ਼ੁਰੂ ਕੀਤਾ ਜਾਵੇ।ਕਿਹਾ ਜਾਂਦਾ ਹੈ ਕਿ ਇਕ ਚੈਨਲ ਸ਼ੁਰੂ ਕਰਨ ਦਾ ਤਕਰੀਬਨ 40 ਲੱਖ ਰੁਪਏ ਖ਼ਰਚਾ ਆਉਂਦਾ ਹੈ।ਇਹ ਰਕਮ ਕਮੇਟੀ ਲਈ ਕੋਈ ਵੱਡੀ ਨਹੀਂ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚਲ ਰਹੇ ਬਹੁਤ ਸਾਰਿਆਂ ਗੁਰਦੁਆਰਿਆਂ ਜਿਵੇਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਲੁਧਿਆਣਾ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਆਦਿ ਤੇ ਦੁਨੀਆਂ ਭਰ ਦੇ ਅਨੇਕਾਂ ਗੁਰਦੁਆਰਿਆਂ ਦਾ ਸਿੱਧਾ ਪ੍ਰਸਾਰਨ ਵੱਖ ਵੱਖ ਚੈਨਲਾਂ ਰਾਹੀਂ ਹੋ ਰਿਹਾ ਹੈ ਜਦ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਸਾਰਨ ਕੁਝ ਘੰਟਿਆਂ ਲਈ ਰੀਲੇਅ ਕੀਤਾ ਜਾਂਦਾ ਹੈ ਤੇ ਉਹ ਵੀ ਕੇਵਲ ਪੀ. ਟੀ. ਸੀ., ਟੀ. ਵੀ.ਚੈਨਲ ਤੋਂ।

ਡਾ. ਗੁਮਟਾਲਾ ਦਾ ਕਹਿਣਾ ਹੈ ਕਿ ਇਸ ਸਬੰਧੀ ਉਨ੍ਹਾਂ ਸਭ ਤੋਂ ਪਹਿਲਾ ਪੱਤਰ 8 ਨਵੰਬਰ 2016 ਨੂੰ ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਨੂੰ ਲਿਖਿਆ ਸੀ। ਉਸ ਸਮੇਂ ਤੋਂ ਉਨ੍ਹਾਂ ਵੱਲੋਂ ਕਈ ਯਾਦ ਪੱਤਰ ਲਿੱਖੇ ਜਾ ਚੁੱਕੇ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਕਮੇਟੀ ਵੱਲੋਂ ਨਾ ਤਾਂ ਆਪਣਾ ਟੀ. ਵੀ. ਚੈਨਲ ਸ਼ੁਰੂ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਸ ਨੂੰ ਲਗਾਉਣ ਵਿਚ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ ਜਾ ਰਿਹਾ ਹੈ।

# ਫ਼ਰੀਮਾਂਟ ਵਿਖੇ ਨਾਮਵਰ ਸੂਫ਼ੀ ਗਾਇਕ ਦੀ ਸੁਰਮਈ ਸ਼ਾਮ 'ਚ ਸਾਹਿਤਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੇ ਹਿੱਸਾ ਲਿਆ

**ਫ਼ਰੀਮਾਂਟ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਸਥਾਨਕ ਮਹਿਰਾਨ ਰੈਸਟੋਰੈਂਟ ਫ਼ਰੀਮਾਂਟ ਵਿਖੇ ਨਾਮਵਰ ਸੂਫ਼ੀ ਗਾਇਕ ਸੁਖਦੇਵ ਸਾਹਿਲ ਅਤੇ ਥੀਏਟਰ ਦੇ ਹਾਸ-ਰਸ ਕਲਾਕਾਰ ਵਿਜੈ ਸਿੰਘ ਵਲੋਂ ਵੱਖ-ਵੱਖ ਸੰਸਥਾਵਾਂ ਅਤੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਮਹਿਰਾਨ ਰੈਸਟੋਰੈਂਟ ਵਿਖੇ ਇਕ ਸੁਰਮਈ ਸ਼ਾਮ ਅਯੋਜਿਤ ਕੀਤੀ ਗਈ। ਜਿਸ ਵਿਚ ਭਰਵੀਂ ਗਿਣਤੀ ਵਿਚ ਸਾਹਿਤਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੇ ਹਿੱਸਾ ਲਿਆ। ਤਕਰੀਬਨ ਦੋ ਘੰਟੇ ਨਿੱਠ ਕੇ ਚੱਲੇ ਇਸ ਪ੍ਰੋਗਰਾਮ ਵਿਚ ਸੁਖਦੇਵ ਸਾਹਿਲ ਨੇ ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ ਅਤੇ ਸ਼ਿਰੋਮਣੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਤੋਂ ਇਲਾਵਾ ਸ਼ਾਇਰ ਕੁਲਵਿੰਦਰ ਦੇ ਗੀਤ ਗਾ ਕੇ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ।



ਸੱਚਮੁਚ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਸਮਾਂ ਖੜ੍ਹ ਗਿਆ ਹੋਵੇ। ਇੱਥੇ ਹੀ ਬੱਸ ਨਹੀਂ ਗੁਰਪ੍ਰੀਤ ਘੁੱਗੀ ਦੇ ਸ਼ਗਿਰਦ ਅਤੇ ਥੀਏਟਰ ਦੇ ਕਲਾਕਾਰ ਵਿਜੈ ਸਿੰਘ ਨੇ ਸਰੋਤਿਆਂ ਨੂੰ ਆਪਣੀ ਕਲਾ ਦੇ ਜੌਹਰ ਨਾਲ ਇਹ ਸਿੱਧ ਕਰ ਦਿੱਤਾ ਕਿ ਅਮਰੀਕਾ ਦੀ ਇਸ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਹੱਸਣਾ ਸਾਡੀ ਸਿਹਤ ਲਈ ਕਿੰਨਾ ਜ਼ਰੂਰੀ ਹੈ ਅਤੇ ਇਹ ਹਾਸਾ ਅਸੀਂ ਅਮਰੀਕਾ ਦੇ ਡਾਲਰਾਂ ਨਾਲ ਵੀ ਨਹੀਂ ਖ਼੍ਰੀਦ ਸਕਦੇ। ਇਸ ਪ੍ਰੋਗਰਾਮ ਦਾ ਇਕ ਹੋਰ ਆਕਰਸ਼ਣ ਪੰਜਾਬੀ ਅਕੈਡਮੀ ਦਿੱਲੀ ਦੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਅਤੇ ਸ਼ਿਰੋਮਣੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਸਨ। ਸੁਖਵਿੰਦਰ ਅੰਮ੍ਰਿਤ ਨੇ ਆਪਣੀਆਂ ਕਵਿਤਾਵਾਂ ਨਾਲ ਇਸ ਮਹਿਫ਼ਲ ਨੂੰ ਚਾਰ ਚੰਨ ਲਗਾ ਦਿੱਤੇ। ਇਸ ਮੌਕੇ ਪ੍ਰੋਗਰਾਮ ਦੇ ਸੰਚਾਲਕਾਂ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਇਨ੍ਹਾਂ ਦੋਵਾਂ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਸਹਿਯੋਗੀ ਕੁਲਦੀਪ ਸਿੰਘ ਢਿੱਲੋਂ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਗੋਲਡਨ ਪੰਜਾਬ ਕਲੱਬ, ਵਿਕੀ ਸੀਲੋਂ, ਗਾਇਕ ਐਚ ਐਸ ਭਜਨ, ਪੰਜਾਬ ਲੋਕ ਰੰਗ, ਰੇਡੀਉ ਮਿਰਚੀ, ਬਲਬੀਰ ਸਿੰਘ ਐਮ.ਏ, ਅਸ਼ੋਕ ਟਾਂਗਰੀ, ਐਸ ਅਸ਼ੋਕ ਭੌਰਾ, ਅਵਤਾਰ ਲਾਖਾ, ਸਰਪੰਚ ਮਹਿੰਗਾ ਸਿੰਘ ਆਦਿ ਸਨ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।

# ਪੰਜਾਬ ਬੁੱਧਿਸਟ ਸੁਸਾਇਟੀ ਦੀ ਚੋਣ 20 ਅਕਤੂਬਰ ਨੂੰ ਹੋਵੇਗੀ



**ਲੁਧਿਆਣਾ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੀ ਮੀਟਿੰਗ ਐਡਵੋਕੇਟ ਹਰਭਜਨ ਦਾਸ ਸਾਂਪਲਾ ਦੀ ਪ੍ਰਧਾਨਗੀ ਹੇਠ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਵਿਖੇ ਹੋਈ, ਜਿਸ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੇ ਅਹੁਦੇਦਾਰਾਂ ਦੀ ਚੋਣ 20 ਅਕਤੂਬਰ 2019 ਨੂੰ ਸੁਸਾਇਟੀ ਦੇ ਮੁੱਖ ਦਫਤਰ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਵਿਖੇ ਦੁਪਹਿਰ ਬਾਅਦ 2 ਵਜੇ ਹੋਵੇਗੀ। ਪ੍ਰੈਸ ਨੂੰ ਬਿਆਨ ਦਿੰਦਿਆਂ ਐਡਵੋਕੇਟ ਹਰਭਜਨ ਸਾਂਪਲਾ ਨੇ ਦੱਸਿਆ ਕਿ ਸੁਸਾਇਟੀ ਦੀ ਚੋਣ ਦਾ ਕੰਮ ਸੁਚਾਰੂ ਰੂਪ ਨਾਲ ਕਰਵਾਉਣ ਲਈ ਸ੍ਰੀ ਧੰਨਪਤ ਰੱਤੂ ਫਗਵਾੜਾ ਨੂੰ ਮੁੱਖ ਚੋਣ ਅਫਸਰ ਨਿਯੁਕਤ ਕੀਤਾ ਗਿਆ। ਸਹਾਇਕ ਚੋਣ ਅਫਸਰ ਸ੍ਰੀ ਰੂਪ ਲਾਲ ਨੰਬਰਦਾਰ ਅਤੇ ਸ੍ਰੀ ਚਮਨ ਦਾਸ ਸੇਵਾ ਮੁਕਤ ਲੈਕਚਰਾਰ ਜਲੰਧਰ ਦੀ ਦੇਖ-ਰੇਖ ਵਿਚ ਸੁਸਾਇਟੀ ਦੇ ਅਹੁਦੇਦਾਰਾਂ ਦੀ ਚੋਣ 2 ਸਾਲ ਲਈ ਕੀਤੀ ਜਾਵੇਗੀ। ਮੀਟਿੰਗ ਵਿਚ ਸ੍ਰੀ ਸ਼ਾਮ ਲਾਲ ਜੱਸਲ, ਗੁਰਨਾਮ ਚੰਦ ਮੱਲ, ਦਲਬੀਰ ਸਰੋਆ, ਰਾਮਦਾਸ ਗੁਰੂ, ਦੇਸ ਰਾਜ ਚੌਹਾਨ, ਗੁਰਮੀਤ ਸਿੰਘ, ਵਿਨੋਦ ਗੌਤਮ, ਸੰਜੇ ਰਾਉ, ਬੰਸੀ ਲਾਲ ਪ੍ਰੇਮੀ, ਕਰਨ ਸਿੰਘ ਤੇ ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਸਨ।







ਦੇਸ਼ ਦੁਆਬਾ

# BABASAHEB DR. B.R. AMBEDKAR, BUDDHISM AND DALIT EMANCIPATION

**Prem K. Chumber**
**Editor-in-Chief:**
**www.ambedkartimes.com**

Babasaheb Dr. B. R. Ambedkar converted to Buddhism at the historic public ceremony in Nagpur on October 14, 1956. The decision to embrace Buddhism by Dr. Ambedkar was not at all a sudden attempt. It took him more than two decades (from Yeola Conference, October 13, 1935, where he took the vow that 'even though I am a Hindu born, I will not die a Hindu', to the historic Nagpur conversion ceremony, October 14, 1956, the day he embraced Buddhism with thousands of his followers) to translate his vow for conversion into reality. He decided to embrace Buddhism after thoroughly exhausting all possible ways of reforming Hinduism from within and exploring the possibility of conversion to Christianity, Sikhism, and Islam for overcoming the oppressive structures of Brahminical social order (BSO) in India. Converting to Buddhism, in fact, was a unique and meticulously calculated move. It was a unique move in the sense that though there have been many instances of individual conversions to Buddhism, the real credit for systematically organizing collective conversion to Buddhism on a mass scale in India, beyond doubt, goes to Dr. Ambedkar. The historic conversion ceremony at Nagpur assumed further importance with the publication of The Buddha and his Dhamma shortly after the demise of Babasaheb on December 6, 1956.

Dr. Ambedkar discovered in conversion to Buddhism the most desired and reliable way of overcoming the centuries-old system of social exclusion. According to Babasaheb, the central thesis of the Buddhist philosophy revolves around two major problems: the first problem was that there was suffering in the world and the second was how to remove this suffering and make mankind happy. Since caste and caste based social exclusion dehumanizes the Dalits, Babasaheb underlined the urgency of caste annihilation. It is in this context that conversion to Buddhism becomes meaningful. Another aspect that underlines theimportance of conversion to Buddhism encourages strategic alliance between the non-Brahminical/Shudras/Bahujan Samaj/artisans and the Dalit/Ati Shudras sections of the Indian society and calls for their united front against the oppressive and hegemonic structures of Brahminical social order. Forging unity among the victims of the 'varna order' in turn aimed at reclaiming India on the basis of the neo-Buddhist identity. The very fact that Dr. Ambedkar founded three political parties (the Independent Labour Party, All India Scheduled Castes Federation and the Republican Party of India), and the leading role that he played in drafting the Constitution of independent India, vindicated his active involvement in the polity and society of the country even after denouncing Hinduism publicly in1935 and later on embracing Buddhism in 1956. Babasaheb Dr. Ambedkar used to emphasize on the application of scientific approach to solve the question of caste and social exclusion. His movement also became very popular in Punjab. He visited Punjab thrice. It was during his last visit in October 27-29, 1951 that he spoke at length to his people in Punjab about his approach and ways of Dalit empowerment. He delivered speeches at Jalandhar, Ludhiana and Patiala and also addressed the students of D.A.V. College Jalandhar.



Though the people of Punjab were well impressed by his great movement but they could not follow him so closely in relation to conversion to Buddhism. Late D. C. Ahir, a renowned Ambedkarite Buddhist and world reputed scholar of Buddhism, was of the opinion that due to deep faith of Scheduled Castes population of Punjab, especially of the Doaba region, in the teachings and spirituality of Saheb Shri Guru Ravidass Ji, Buddhism could not become so popular in this state. Another possible reason behind the deep popularity of the teachings of Saheb Shri Guru Ravidass in Punjab could be the concerted efforts of Babu Mangu Ram Mugowalia and the mass appeal of his famous Ad Dharm movement. The popularity of Ad Dharm can be known from the fact that some of the scholars of late started advocating that the principles of "Ad Dharm" are also followed in Buddhism.

*(Posted at www.ambedkartimes. com on October 14, 2019)*



Dhamma Chakka Parvartan Day Celebration Milpitas (California)



Dhamma Chakka Parvartan Day Celebration at Ambedkar International Center

## ਭਾਰਤੀ ਮੂਲ ਦੇ ਅਭਿਜੀਤ ਬੈਨਰਜੀ ਸਮੇਤ ਤਿੰਨ ਜਣਿਆ ਨੂੰ ਮਿਲਿਆ ਅਰਥਸ਼ਾਸਤਰ ਦਾ ਨੋਬੇਲ

**ਸਟਾਕਹੋਮ–** ਅਰਥਸ਼ਾਸਤਰ ਦੇ ਖੇਤਰ 'ਚ 2019 ਦਾ ਨੋਬੇਲ ਪੁਰਸਕਾਰ ਭਾਰਤੀ ਮੂਲ ਦੇ ਅਭਿਜੀਤ ਬੈਨਰਜੀ, ਐਸਤੇਰ ਡੁਫਲੋ ਤੇ ਮਾਈਕਲ ਕ੍ਰੇਮਰ ਨੂੰ ਮਿਲਿਆ ਹੈ। ਉਨ੍ਹਾਂ ਨੂੰ ਇਹ ਪੁਰਸਕਾਰ ਆਲਮੀ ਗ਼ਰੀਬੀ ਨਾਲ ਲੜਾਈ ਲਈ ਮਿਲਿਆ ਹੈ। ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼ ਨੇ ਸੋਮਵਾਰ ਨੂੰ ਇਸ ਦਾ ਐਲਾਨ ਕੀਤਾ। ਇਸ ਪੁਰਸਕਾਰ ਨੂੰ ਅਧਿਕਾਰਤ ਤੌਰ 'ਤੇ 'ਬੈਂਕ ਆਫ ਸਵੀਡਨ ਪ੍ਰਾਈਜ਼ ਇਨ ਇਕੋਨਾਮਿਕ ਸਾਇੰਸਿਜ਼ ਇਨ ਮੈਮੋਰੀ ਆਫ ਅਲਫਰੈਂਡ ਨੋਬੇਲ' ਦੇ ਰੂਪ 'ਚ ਜਾਣਿਆ ਜਾਂਦਾ ਹੈ, ਇਹ ਪੁਰਸਕਾਰ ਸੰ-ਸਥਾਪਕ ਵਲੋਂ ਨਹੀਂ ਬਣਾਇਆ ਗਿਆ ਸੀ, ਪਰ ਇਸ ਨੂੰ ਨੋਬੇਲ ਦਾ ਹਿੱਸਾ ਮੰਨਿਆ ਜਾਂਦਾ ਹੈ। ਅਕੈਡਮੀ ਨੇ ਆਪਣੇ ਬਿਆਨ 'ਚ ਕਿਹਾ, 'ਇਨ੍ਹਾਂ ਨੇ ਆਲਮੀ ਗ਼ਰੀਬੀ ਨਾਲ ਲੜਨ ਦੇ ਸਰਬੋਤਮ ਤਰੀਕਿਆਂ ਸਬੰਧੀ ਇਕ ਭਰੋਸੇਯੋਗ ਤੇ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।'



ਇਕ ਬਿਆਨ 'ਚ ਨੋਬੇਲ ਕਮੇਟੀ ਨੇ ਕਿਹਾ, 'ਇਸ ਸਾਲ ਦੇ ਪੁਰਸਕਾਰ ਜੇਤੂਆਂ ਵਲੋਂ ਕੀਤੀ ਗਈ ਖੋਜ ਨਾਲ ਆਲਮੀ ਗ਼ਰੀਬੀ ਨਾਲ ਲੜਨ ਦੀ ਸਾਡੀ ਸਮਰੱਥਾ 'ਚ ਕਾਫ਼ੀ ਸੁਧਾਰ ਹੋਇਆ ਹੈ। ਸਿਰਫ਼ ਦੋ ਦਹਾਕਿਆਂ 'ਚ ਉਨ੍ਹਾਂ ਦੇ ਨਵੇਂ ਪ੍ਰਯੋਗ ਆਧਾਰਿਤ ਦ੍ਰਿਸ਼ਟੀਕੋਣ ਨੇ ਵਿਕਾਸ ਅਰਥਸ਼ਾਸਤਰ ਨੂੰ ਬਦਲ ਦਿੱਤਾ ਹੈ ਜੋ ਹੁਣ ਖੋਜ ਦਾ ਇਕ ਖੁਸ਼ਹਾਲ ਖੇਤਰ ਹੈ।'

ਇਹ ਪੁਰਸਕਾਰ 1968 'ਚ ਸਵੀਡਿਸ਼ ਕੇਂਦਰੀ ਬੈਂਕ, ਰਿਕਸਬੈਂਕਨ ਵਲੋਂ ਬਣਾਇਆ ਗਿਆ ਸੀ ਤੇ ਇਸ ਦੇ ਪਹਿਲੇ ਜੇਤੂ ਨੂੰ ਇਕ ਸਾਲ ਬਾਅਦ ਚੁਣਿਆ ਗਿਆ ਸੀ। ਹੁਣ ਤਕ, ਆਰਥਿਕ ਵਿਗਿਆਨ 'ਚ 81 ਨੋਬੇਲ ਪੁਰਸਕਾਰ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਪਿਛਲੇ ਹਫ਼ਤੇ, ਛੇ ਨੋਬੇਲ ਪੁਰਸਕਾਰਾਂ ਨੂੰ ਮੈਡੀਕਲ, ਭੌਤਿਕੀ ਤੇ ਰਸਾਇਣ ਵਿਗਿਆਨ ਦੇ ਨਾਲ-ਨਾਲ ਦੋ ਸਾਹਿਤ ਪੁਰਸਕਾਰ ਤੇ ਵੱਕਾਰੀ ਸ਼ਾਂਤੀ ਪੁਰਸਕਾਰ ਦਿੱਤਾ ਗਿਆ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

## ਸ਼੍ਰੀ ਅਸ਼ੋਕ ਕੁਮਾਰ ਲੱਧੜ ਨੇ ਪ੍ਰਿੰਸੀਪਲ ਵਜੋਂ ਚਾਰਜ ਸੰਭਾਲਿਆ



ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਦੇ ਪ੍ਰਿੰਸੀਪਲ ਸ੍ਰੀ ਡੀ ਆਰ ਸ਼ਰਮਾ ਦੀ ਜੀਂਦ (ਹਰਿਆਣਾ) ਵਿੱਚ ਬਦਲੀ ਹੋਣ ਤੋਂ ਬਾਅਦ ਸ਼੍ਰੀ ਅਸ਼ੋਕ ਕੁਮਾਰ ਲੱਧੜ ਨੇ ਪ੍ਰਿੰਸੀਪਲ ਦਾ ਚਾਰਜ ਸੰਭਾਲ ਲਿਆ ਹੈ। ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੇ ਸ਼੍ਰੀ ਲੱਧੜ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਜੈਸਲਮੇਰ ਤੇ ਚੁਰੂ (ਰਾਜਸਥਾਨ), ਫ਼ਤਿਹਾਬਾਦ (ਹਰਿਆਣਾ), ਹੁਸ਼ਿਆਰਪੁਰ, ਊਧਮਪੁਰ (ਜੰਮੂ-ਕਸ਼ਮੀਰ) ਵਿੱਚ ਬਤੌਰ ਪ੍ਰਿੰਸੀਪਲ ਸੇਵਾ ਨਿਭਾ ਚੁੱਕੇ ਸ਼੍ਰੀ ਲੱਧੜ ਨੇ ਕਿਹਾ ਕਿ ਵਿਦਿਆਰਥੀਆਂ ਦੀ ਬਹੁਪੱਖੀ ਸ਼ਖ਼ਸੀਅਤ ਉਸਾਰੀ ਤੇ ਹਰ ਖੇਤਰ ਵਿੱਚ ਬਿਹਤਰ ਨਤੀਜਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਸਾਰਿਆਂ ਦੇ ਕੰਮ ਸਮੇਂ ਸਿਰ ਕੀਤੇ ਜਾਣਗੇ। ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿ-ਤਣਾਂ ਪਿੰਡ ਦੇ ਵਸਨੀਕ ਸ਼੍ਰੀ ਲੱਧੜ ਸਖ਼ਤ ਮਿਹਨਤ ਦੇ ਬਲਬੂਤੇ ਇਸ ਮੁਕਾਮ ਤੱਕ ਪਹੁੰਚੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਨ ਅਤੇ ਸਖ਼ਤ ਮਿਹਨਤ ਕਰਕੇ ਜੀਵਨ ਦੇ ਹਰ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ, 'ਸਮਕਾਲ ਤੇ ਪਰਵਾਸ' ਲੋਕ ਅਰਪਿਤ

**ਸਟਾਕਟਨ (ਬਿਊਰੋ)** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਛੇ ਅਕਤੂਬਰ 2019 ਨੂੰ 'ਸੈਕਰਾਮੈਂਟੋ ਵੈਲੀ ਚਾਰਟਰ ਸਕੂਲ' ਵਿਖੇ ਕਰਵਾਈ ਗਈ ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਅਦਬੀ ਲੇਖਕਾਂ ਅਤੇ ਚਿੰਤਕਾਂ ਦੇ ਭਰਵੇਂ ਇਕੱਠ ਵਿਚ ਨਵੇਕਲੇ ਪਰਭਾਵਾਂ ਸਹਿਤ ਸਪੰਨ ਹੋਈ। ਕਾਨਫਰੰਸ ਦਾ ਅਰੰਭ ਬੀਬੀ ਮਨਜੀਤ ਕੌਰ ਸੇਖੋਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਤੇ ਉਨ੍ਹਾਂ ਦੀ ਵਡਮੁੱਲੀ ਸਖਸ਼ੀਅਤ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਿਆਂ ਹੋਇਆ। ਇਸ ਉਪਰੰਤ ਪ੍ਰਧਾਨਗੀ ਮੰਡਲ ਦੀ ਸਥਾਪਨਾ ਕੀਤੀ ਗਈ। ਜਿਸ ਵਿਚ ਜਸਵੀਰ ਸਿੰਘ ਰਾਣਾ, ਡਾ. ਗੋਬਿੰਦਰ ਸਿੰਘ ਸਮਰਾਓ, ਹਰਮੀਤ ਸਿੰਘ ਅਟਵਾਲ, ਹਰਬੰਸ ਸਿੰਘ ਜਗਿਆਸੂ ਅਤੇ ਸੁਰਿੰਦਰ ਸਿੰਘ ਸੀਰਤ ਸ਼ਾਮਲ ਹੋਏ। ਸਮਾਗਮ ਵਿੱਚ ਸ਼ਾਮਲ ਹੋਣ ਆਏ ਸਮੂਹ ਸਾਹਿਤ ਪ੍ਰੇਮੀਆਂ ਨੂੰ ਸਭਾ ਦੇ ਸਨਮਾਨ ਯੋਗ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਜੀ ਆਇਆਂ ਆਖਿਆ ਗਿਆ। ਇਸ ਉਪਰੰਤ ਉਨ੍ਹਾਂ ਇਸ ਸਮਾਗਮ ਦੇ ਮੰਤਵ ਅਤੇ ਉਦੇਸ਼ ਬਾਰੇ ਦਸਦਿਆਂ ਸਭਾ ਵਲੋਂ ਰਿਲੀਜ਼ ਕੀਤੇ ਜਾ ਚੁੱਕੇ ਪਹਿਲੇ ਕਹਾਣੀ ਸੰਗ੍ਰਹਿਆਂ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ। ਇਸ ਪ੍ਰੋਜੈਕਟ ਪਿੱਛੇ ਪ੍ਰੋ. ਹਰਭਜਨ ਸਿੰਘ ਦੀ ਅਣਥੱਕ ਘਾਲਣਾਂ ਅਤੇ ਦਿਸ਼ਾ ਨਿਰਦੇਸ਼ਨਾ ਦਾ ਵੀ ਯਥਾਯੋਗ ਜ਼ਿਕਰ ਕੀਤਾ ਅਤੇ ਇਸ ਕਿਤਾਬ ਦੀ ਸੰਪਾਦਕੀ ਟੀਮ ਦੇ ਮੈਂਬਰ ਹਰਮਹਿੰਦਰ ਚਾਹਲ ਅਤੇ ਸੁਰਿੰਦਰ ਸੋਹਲ ਵਲੋਂ ਭੇਜੇ ਗਏ ਵਧਾਈ ਸੰਦੇਸ਼ ਸਾਂਝੇ ਕੀਤੇ। ਉਨ੍ਹਾਂ ਸੰਪਾਦਕੀ ਮੰਡਲ ਵਲੋਂ ਸੱਤਵੇਂ ਕਹਾਣੀ-ਸੰਗ੍ਰਹਿ ਲਈ ਦਸੰਬਰ 2020 ਤੱਕ ਕਹਾਣੀਆਂ ਦੀ ਮੰਗ ਦਾ ਪ੍ਰਗਟਾਵਾ ਵੀ ਕੀਤਾ।

ਪਹਿਲੇ ਸੈਸ਼ਨ ਦੌਰਾਨ, ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਲ ਵਲੋਂ ਸੰਪਾਦਤ



ਕਹਾਣੀ- ਸੰਗ੍ਰਹਿ 'ਸਮਕਾਲ ਤੇ ਪਰਵਾਸ' ਦਾ ਅਮਰੀਕੀ ਪੰਜਾਬੀ ਕਹਾਣੀਕਾਰਾਂ ਡਾ.ਰਵੀ ਸ਼ੇਰ ਗਿੱਲ, ਹਰਜਿੰਦਰ ਪੰਧੇਰ, ਹਰਨੇਕ ਸਿੰਘ ਅਤੇ ਪ੍ਰਧਾਨਗੀ ਮੰਡਲ ਦੀ ਮੌਜੂਦਗੀ ਵਿਚ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਜਸਵੀਰ ਰਾਣਾ ਅਤੇ ਹਰਬੰਸ ਸਿੰਘ ਜਗਿਆਸੂ ਦਾ ਪੰਜਾਬੀ ਮਾਂ ਬੋਲੀ ਦੀ ਨਿਰੰਤਰ ਸੇਵਾ ਕਰਨ ਲਈ ਵਿਸੇਸ਼ ਸਨਮਾਨ ਵੀ ਕੀਤਾ ਗਿਆ।

ਪੁਸਤਕ ਵਿਚ ਸ਼ਾਮਲ ਕਹਾਣੀਆਂ ਦੀ ਕੱਥ ਅਤੇ ਵੱਥ ਉੱਪਰ ਗੰਭੀਰ ਸੰਵਾਦ ਰਚਾਉਣ ਲਈ ਕਹਾਣੀਕਾਰ ਅਤੇ ਅਲੋਚਕ ਜਸਵੀਰ ਰਾਣਾ ਵਲੋਂ ਖੋਜ ਪੱਤਰ: 'ਸਮਕਾਲ ਤੇ ਪਰਵਾਸ ਦੀ ਕਥਾਕਾਰੀ ਦਾ ਅਰਥਬੋਧ' ਪ੍ਰਸਤੁਤ ਕੀਤਾ ਗਿਆ। ਇਸ ਖੋਜ਼ ਪੱਤਰ ਵਿਚ ਜਸਵੀਰ ਰਾਣਾ ਨੇ ਅਮਰੀਕੀ ਪੰਜਾਬੀ ਕਹਾਣੀ ਦੇ ਮੂਲ ਸਰੋਕਾਰਾਂ, ਕਲਾ ਵਿਧੀਆਂ, ਅਤੇ ਪੰਜਾਬੀ ਕਹਾਣੀ ਦੀ ਮੁੱਖ ਧਾਰਾ ਵਿਚ ਇਸ ਦੇ ਬਣਦੇ ਅਸਥਾਨ ਦੀ ਵਿਸਥਾਰ ਵਿਚ ਜਾਕੇ ਗੱਲ ਕੀਤੀ। ਪੰਜਾਬ ਤੋਂ ਵਿਸੇਸ਼ ਤੌਰ ਤੇ ਪਹੁੰਚੇ ਪੰਜਾਬੀ ਸਾਹਿਤਕਾਰ ਅਤੇ ਅਲੋਚਕ ਹਰਮੀਤ ਸਿੰਘ ਅਟਵਾਲ ਨੇ ਰਿਲੀਜ਼ ਕੀਤੀ ਕਿਤਾਬ ਬਾਰੇ ਗੱਲ ਕਰਦਿਆਂ ਆਖਿਆ ਕਿ ਇਹ ਕਿਤਾਬ ਸੰਪਾਦਕੀ ਮੰਡਲ ਦਾ ਬਹੁਤ ਸਾਰਥਕ ਉੱਦਮ ਹੈ ਜਿਹੜਾ ਆਧੁਨਿਕ ਪੰਜਾਬੀ ਕਹਾਣੀ ਦੀ ਯਥਾਯੋਗ ਪ੍ਰਤੀਨਿਧਤਾ ਕਰਦਾ ਹੈ। ਇਸ ਤੋਂ ਇਲਾਵਾ ਅਟਵਾਲ ਨੇ ਅਮਰੀਕਾ ਵਿਚ ਵਸਦੇ ਪੰਜਾਬੀ ਸਾਹਿਤਕਾਰਾਂ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਰੁਚੀ ਨੂੰ ਦੇਖਦਿਆਂ ਪੰਜਾਬੀ ਦੇ ਹੋਰ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਡਾ. ਗੋਬਿੰਦਰ ਸਿੰਘ ਸਮਰਾਓ ਨੇ ਸੰਗ੍ਰਹਿ ਦੇ ਸੰਪਾਦਕੀ ਮੰਡਲ ਨੂੰ ਵਧਾਈ ਦਿੰਦਿਆਂ ਆਖਿਆ ਕਿ ਇਸ ਸੰਗ੍ਰਹਿ ਵਿਚਲੀਆਂ ਕੁੱਝ ਕਹਾਣੀਆਂ ਆਪਣੇ ਅੰਦਰ ਨਾਵਲੀ ਪਲਾਟਾਂ ਨੂੰ ਸਮੋਈ ਕਿਸੇ ਝਰਨੇ ਵਾਂਗ ਵਹਿੰਦੀਆਂ ਸਿਖਰ ਵੱਲ ਵਧਦੀਆਂ ਹਨ। ਡਾ. ਅਮਰੀਕ ਸਿੰਘ ਨੇ ਇਸ ਵਡਮੁੱਲੀ ਕ੍ਰਿਤ ਨੂੰ ਵਡਿਆਉਣ ਉਪਰੰਤ ਨਵੀਆਂ ਪੀੜ੍ਹੀਆਂ ਵਿਚ ਪੰਜਾਬੀ ਬੋਲੀ ਪ੍ਰਤੀ ਲਗਨ ਪੈਦਾ ਕਰਨ ਲਈ ਅੰਗਰੇਜ਼ੀ ਦੇ ਹਾਣ ਦੀਆਂ ਬਾਲ-ਪੁਸਤਕਾਂ ਰਚਣ ਵੱਲ ਵਿਸ਼ੇਸ਼ ਧਿਆਨ ਦੇਣ ਦਾ ਸੁਝਾਅ ਦਿੱਤਾ। ਦੂਸਰੇ ਸੈਸ਼ਨ ਵਿਚ ਅਮਰਜੀਤ ਕੌਰ ਪੰਨੂੰ, ਤ੍ਰਿਪਤ ਸਿੰਘ ਭੱਟੀ ਅਤੇ ਹਰਨੇਕ ਸਿੰਘ ਨੇ ਆਪੋ ਆਪਣੀਆਂ ਕਹਾਣੀਆਂ ਪੜ੍ਹੀਆਂ। ਤੀਜਾ ਸੈਸ਼ਨ ਕਵੀ ਦਰਬਾਰ ਦਾ ਸੀ। ਇਸ ਵਿਚ ਨਾਮਵਰ ਸ਼ਾਇਰ ਇਕਵਿੰਦਰ ਸਿੰਘ, ਸੁਰਿੰਦਰ ਸੀਰਤ, ਹਰਮੀਤ ਸਿੰਘ ਅਟਵਾਲ, ਬਿੱਕਰ ਸਿੰਘ ਕਮੇਆਣਾ, ਪ੍ਰਿੰਸੀਪਲ ਹਜ਼ੂਰਾ ਸਿੰਘ, ਹਰਬੰਸ ਸਿੰਘ ਜਗਿਆਸੂ, ਅਮਰਪਾਲ ਸਿੰਘ, ਜਯੋਤੀ ਸਿੰਘ, ਅਮਰਜੀਤ ਕੌਰ ਪੰਨੂੰ, ਜਸਵੀਰ ਰਾਣਾ ਅਤੇ ਹੋਰ ਸ਼ਾਮਲ ਕਵੀਆਂ ਨੇ ਭਾਗ ਲਿਆ। ਸਮੁਚੇ ਸਮਾਗਮ ਦਾ ਮੰਚ ਸੰਚਾਲਨ ਉੱਘੇ ਅਦਾਕਾਰ ਜਸਵੰਤ ਸਿੰਘ ਸ਼ਾਦ ਨੇ ਆਪਣੇ ਸ਼ਾਇਰੋ ਸ਼ਾਇਰੀ ਵਾਲੇ ਮਖ਼ਸੂਸ ਅੰਦਾਜ਼ ਵਿਚ ਕੀਤਾ। ਸਮਾਗਮ ਵਿੱਚ ਭਾਗ ਲੈਣ ਆਏ ਸਮੂਹ ਸਾਹਿਤ ਪ੍ਰੇਮੀਆਂ ਲਈ ਵੈਸਟ ਸੈਕਰਾਮੈਂਟੋ ਗੁਰੂ ਘਰ ਵਲੋਂ ਵਿਸ਼ੇਸ਼ ਤੌਰ ਤੇ ਚਾਹ ਪਾਣੀ ਅਤੇ ਲੰਚ ਦਾ ਪ੍ਰਬੰਧ ਕੀਤਾ ਗਿਆ।

**ਰਿਪੋਰਟ: ਹਰਜਿੰਦਰ ਪੰਧੇਰ**

# ਸ਼ਰੋਮਣੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਅਤੇ ਪੰਜਾਬੀ ਅਕੈਡਮੀ ਦਿੱਲੀ ਦੇ ਸਕੱਤਰ ਗੁਰਭੇਜ ਗੁਰਾਇਆ ਨਾਲ ਰੂ ਬ ਰੂ

**ਫਰੀਮਾਂਟ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਸ਼ਿਰੋਮਣੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਅਤੇ ਪੰਜਾਬੀ ਅਕੈਡਮੀ ਦਿੱਲੀ ਦੇ ਜਨਰਲ ਸਕੱਤਰ ਗੁਰਭੇਜ ਗੁਰਾਇਆ ਨਾਲ ਰੂ ਬ ਰੂ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਆਰੰਭ ਵਿਚ ਅਕੈਡਮੀ ਦੀ ਲਾਜ ਨੀਲਮ ਸੈਣੀ ਨੇ ਗਰਭੇਜ ਗੁਰਾਇਆ, ਸੁਖਵਿੰਦਰ ਅੰਮ੍ਰਿਤ, ਪ੍ਰੋ. ਸੁਖਵਿੰਦਰ ਕੰਬੋਜ ਅਤੇ ਸੁਰਜੀਤ ਸਖੀ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ।ਪ੍ਰਧਾਨ ਪ੍ਰੋ. ਸੁਰਿੰਦਰ ਸੀਰਤ ਨੇ ਸਭ ਨੂੰ ਜੀ ਆਇਆਂ ਕਿਹਾ। ਆਪਣੇ ਰੂ ਬ ਰੂ ਦੌਰਾਨ ਸੁਖਵਿੰਦਰ ਅੰਮ੍ਰਿਤ ਨੇ ਆਪਣੀਆਂ ਭਾਵ-ਪੂਰਤ ਗ਼ਜ਼ਲਾਂ ਅਤੇ ਨਜ਼ਮਾਂ ਪੜ੍ਹੀਆਂ ਅਤੇ ਹਾਜ਼ਰ ਸਰੋਤਿਆਂ ਦੀ ਫ਼ਰਮਾਇਸ਼ ਤੇ ਆਪਣੀ ਨਜ਼ਮ 'ਗੀਤਾਂ ਦੀ ਕਾਪੀ' ਪੜ੍ਹ ਕੇ ਸੁਣਾਈ ਜਿਸ ਨਾਲ ਬਹੁਤ ਸਾਰੇ ਸਰੋਤੇ ਭਾਵੁਕ ਹੋ ਗਏ।



ਸੁਰਜੀਤ ਸਖੀ ਨੇ ਕਿਹਾ ਕਿ ਸੁਖਵਿੰਦਰ ਅੰਮ੍ਰਿਤ ਦੀਆਂ ਕਵਿਤਾਵਾਂ ਨੇ ਨਵੀਂ ਪੀੜ੍ਹੀ ਦੀਆਂ ਬੱਚੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪ੍ਰੋ. ਕੰਬੋਜ ਨੇ ਕਿਹਾ ਕਿ ਸੁਖਵਿੰਦਰ ਅੰਮ੍ਰਿਤ ਇਕ ਅਜਿਹੀ ਲੇਖਿਕਾ ਹੈ ਜਿਸਨੇ ਆਪਣੀ ਕਵਿਤਾ ਅਤੇ ਗ਼ਜ਼ਲਾਂ ਵਿਚ ਪੰਜਾਬੀ ਭਾਰਤੀ ਔਰਤ ਨੂੰ ਵਸਤੂ ਨਹੀਂ ਸਗੋਂ ਰਿਸ਼ਤਾ ਬਣਾ ਕੇ ਪੇਸ਼ ਕੀਤਾ ਹੈ। ਇਸ ਉਪਰੰਤ ਗੁਰਭੇਜ ਗੁਰਾਇਆ ਨੇ ਆਪਣੇ ਰੂ ਬ ਰੂ ਦੌਰਾਨ ਇਹ ਮੰਨਿਆਂ ਕਿ ਜੇ ਕਰ ਸਾਡੀ ਨਵੀਂ ਪੀੜ੍ਹੀ ਪੰਜਾਬੀ ਭਾਸ਼ਾ ਨਾਲ ਨਹੀਂ ਜੁੜਦੀ ਤਾਂ ਸਾਡੀ ਮਾਂ ਬੋਲੀ ਦਾ ਭਵਿੱਖ ਡਾਵਾਂਡੋਲ ਜ਼ਰੂਰ ਹੋ ਸਕਦਾ ਹੈ। ਉਨ੍ਹਾਂ ਪਰਦੇਸਾਂ ਵਿਚ ਬੈਠੇ ਪੰਜਾਬੀਆਂ ਦੇ ਸਾਹਿਤ ਅਤੇ ਸਭਿਆਚਾਰ ਪ੍ਰਤੀ ਮੋਹ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਗੁਰਦੀਪ ਸਿੰਘ, ਸ਼ਿੰਦਰਪਾਲ ਕੌਰ, ਮਨਜੀਤ ਪਲੇਹੀ, ਕੁਲਵਿੰਦਰ, ਜਸਵਿੰਦਰ ਸਿੰਘ ਔਜਲਾ, ਜਸਵਿੰਦਰ ਕੌਰ ਔਜਲਾ, ਸਰਪੰਚ ਮਹਿੰਗਾ ਸਿੰਘ, ਅਮਰਜੀਤ ਸਿੰਘ ਜੌਹਲ, ਰਵਿੰਦਰ ਕੌਰ ਢਿੱਲੋਂ, ਪਿੰਦਰ ਕੇ, ਤਾਰਾ ਸਿੰਘ ਸਾਗਰ, ਰੇਸ਼ਮ ਸਿੰਘ, ਸਤਿੰਦਰ ਜੀਤ ਕੌਰ, ਮੰਗਲਜੀਤ ਕੌਰ, ਰਵਿੰਦਰ ਕੌਰ, ਗੁਰਮੇਲ ਕੌਰ, ਰਿੰਮੀ ਸੰਧੂ, ਜੇ ਸੰਧੂ, ਜਗਜੀਤ ਨੌਸ਼ਿਹਰਵੀ, ਪਰਮਵੀਰ ਸਿੰਘ ਮਾਦਪੁਰੀ, ਲਖਵੀਰ ਸਿੰਘ, ਪ੍ਰੋ. ਬਲਜਿੰਦਰ ਸਿੰਘ, ਜੋਤੀ, ਅਸ਼ੋਕ ਟਾਂਗਰੀ, ਡਾ. ਚਰਨਜੀਤ ਸਿੰਘ ਪੰਨੂੰ, ਕਮਲਦੇਵ ਪਾਲ, ਸੁਖਦੇਵ ਸਾਹਿਲ ਅਤੇ ਪੰਕਜ ਆਂਸਲ ਅਦਿ ਹਾਜ਼ਰ ਸਨ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਨੇ ਪੰਜਾਬੀ ਭਾਈਚਾਰੇ ਦਾ ਮਾਣ ਨਾਮਵਰ ਟੀ ਵੀ ਅਤੇ ਰੇਡੀਓ ਹੋਸਟ ਗੁੱਡੀ ਸਿੱਧੂ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸਿੱਖ ਰਾਈਡਰਜ ਵੱਲੋਂ ਬੇਕਰਸਫੀਲਡ ਵਿਖੇ ਕਰਵਾਈ ਸੱਤਵੀ ਸਲਾਨਾ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ





**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਵਾਲ)–** ਸਿੱਖ ਰਾਈਡਰਜ ਆਫ਼ ਅਮੈਰਿਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮ-ਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰ-ਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਸਨੀਵਾਰ ਬੇਕਰਸਫੀਲਡ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਸੱਤਵੀ ਸਲਾਨਾਂ ਮੋਟਰ-ਸਾਇਕਲ ਰੈਲੀ ਦਾ ਅਯੋਜਨ ਸਥਾਨਿਕ ਹਾਰਲੀ ਡੇਵਿਡਸਨ ਡੀਲਰਸ਼ਿੱਪ ਤੇ ਕੀਤਾ ਗਿਆ ਜਿਸ ਵਿੱਚ 200 ਉੱਪਰ ਮੋਟਰਸਾਈਕਲ ਸਵਾਰਾ ਨੇ ਭਾਗ ਲਿਆ ਅਤੇ ਕੁਲ 500 ਦੇ ਕਰੀਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਨ 4 ਲੋਕਲ ਚੈਰਟੀਆਂ ਲਈ 8000 ਡਾਲਰ ਫੰਡ ਵੀ ਇਕੱਤਰ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ। ਪਾਣੀ ਦੀਆਂ ਬੋਤਲਾਂ ਅਤੇ ਹੋਰ ਸਨੈਕ ਵਗੈਰਾ ਦਾ ਵੀ ਸਿੱਖ ਰਾਈਡਰਜ ਵੱਲੋਂ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਪਿੱਛੋਂ ਇਹ ਰੈਲੀ ਪਾਇਲਜ਼ ਬੋਆਇਜ਼ ਕੈਂਪ ਵਿੱਖੇ ਪਹੁੰਚੀ ਜਿਥੇ ਪੰਜਾਬੀ ਗੀਤਾਂ ਤੇ ਭੰਗੜਾ ਪਾਉਦੇ ਗੋਰੇ ਸਿੱਖ ਲਟਰੇਚਰ ਲੈਕੇ ਖੁਸ਼ੀ ਖੁਸ਼ੀ ਘਰੋ ਘਰੀ ਪਰਤੇ। ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ।

ਇਸ ਮੌਕੇ ਗੋਰਿਆ ਦੇ ਬੈਂਡ ਨੇ ਵੀ ਆਪਣੀ ਗਾਇਕੀ ਦੀ ਜਾਦੂ ਬਖੇਰਿਆ ਅਤੇ ਸਿੱਖ ਰਾਇਡਰਜ਼ ਵੱਲੋਂ ਪੰਜਾਬੀ ਖਾਣੇ ਦੇ ਨਾਲ ਨਾਲ ਅਮੈਰਿਕਨ ਤੇ ਮੈਕਸੀਕਨ ਲੰਚ ਵੀ ਸਰਵ ਕੀਤਾ ਗਿਆ। ਇਸ ਮੌਕੇ ਮਹਿੰਦੀ ਅਤੇ ਫੇਸ ਪੇਂਟਿੰਗ ਬੱਚਿਆ ਲਈ ਖ਼ਾਸ ਖਿੱਚ ਦਾ ਕੇਂਦਰ ਰਹੇਂ। ਇਸ ਮੌਕੇ ਬੇਕਰਸਫੀਲਡ ਦੀ ਮੇਅਰ ਕੈਰਨ ਗੋ ਅਤੇ ਹੋਰ ਵੀ ਬਹੁਤ ਸਾਰੇ ਸਿੱਟੀ ਅਫੀਸੀਅਲਜ ਅਤੇ ਸੰਸਥਾਵਾਂ ਦੇ ਮੈਂਬਰਾਂ ਨੇ ਰੈਲੀ ਨੂੰ ਸੰਬੋਧਨ ਕੀਤਾ ਅਤੇ ਸਿੱਖ ਰਾਈਡਰਜ਼ ਆਫ ਅਮੈਰਿਕਾ ਦਾ ਸ਼ਾਨਦਾਰ ਸਮਾਗਮ ਲਈ ਸ਼ੁਕਰੀਆ ਅਦਾ ਕੀਤਾ। ਅਖੀਰ ਅਮਿੱਟ ਪੈੜ੍ਹਾਂ ਛੱਡਦੀ ਇਹ ਰੈਲੀ ਯਾਦਗਾਰੀ ਹੋ ਨਿਬੜੀ।

## ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ 18 ਤੋਂ 20 ਅਕਤੂਬਰ ਨੂੰ ਮਨਾਇਆ ਜਾਵੇਗਾ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਗੁਰੂ ਰਾਮਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਿਤੀ 18, 19, 20 ਅਕਤੂਬਰ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਜਾ ਰਿਹਾ ਹੈ। ਜਿਸ ਵਿਚ 18 ਅਕਤੂਬਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 20 ਅਕਤੂਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਘ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

## ਨਿੰਬੂ ਤੇ ਰਾਫੇਲ ਦਾ ਮੇਲ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

'ਹੋਗੇ ਪਾਸ' ਵਾਲ਼ੀਆਂ ਨੇ ਡੀਗਾਂ ਮਾਰਦੇ
ਲੱਛਣ ਫੜੇ ਨੇ ਸਾਰੇ 'ਹੋਗੇ ਫੇਲ੍ਹ' ਦੇ।

ਚੰਦ ਉੱਤੇ ਜਾਣ ਲਈ ਦਲੀਲਾਂ ਹੁੰਦੀਆਂ
ਮੱਧ-ਯੁੱਗ ਵਾਲ਼ੀਆਂ 'ਕਲੋਲਾਂ' ਖੇਲ੍ਹਦੇ।

ਆਰਥਿਕਤਾ ਦੀ ਬੇੜੀ ਡੁੱਬੀ ਜਾਂਦੀ ਐ
ਪਹੁੰਚੇ ਕਈ ਅਦਾਰੇ ਲਾਗੇ-ਚਾਗੇ ਸੇਲ ਦੇ।

ਸਾੜੇ ਨਾਲ਼ ਸੜੇ ਜੋ ਸੜ੍ਹਾਂਦਾ ਛੱਡ ਰਹੇ
ਲਈ ਜਾਂਦੇ 'ਖੁਆਬ' ਇਤਰ-ਫੁਲੇਲ ਦੇ।

ਠੇਕੇਦਾਰ ਬਣ ਗਏ ਕਰਮ-ਕਾਂਡਾਂ ਦੇ
ਲੋਕਾਂ ਤਾਈਂ ਵਹਿਮਾਂ ਵਿੱਚ ਨੇ ਧਕੇਲਦੇ।

ਹਾਸੋ-ਹੀਣੀ ਜੱਗ 'ਚ ਕਰਾਈ ਦੇਸ ਦੀ
ਟਾਇਰਾਂ ਥੱਲੇ ਨਿੰਬੂ ਰੱਖ ਕੇ ਰਾਫੇਲ ਦੇ !



ਸਰਦਾਰ ਚਰਨਜੀਤ ਸਿੰਘ ਵਾਸੀ ਪਿੰਡ ਵਾਸੀ ਪਿੰਡ ਢੱਡਾ ਫ਼ਤਿਹ ਸਿੰਘ ਨੇ ਆਪਣੇ ਪਿਤਾ ਸਰਦਾਰ ਸਾਧੂ ਸਿੰਘ ਜੀ ਦੀ ਯਾਦ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਢੱਡਾ ਫਤਹਿ ਸਿੰਘ ਵਿੱਚ ਇੱਕ ਕਮਰਾ ਬਣਾਉਣ ਇਸ ਲਈ ਪਿੰਡ ਦੇ ਸਰਪੰਚ ਸ੍ਰੀ ਇਕਬਾਲ ਸਿੰਘ ਜੀ ਕੋਲੋਂ ਇੱਕ ਨੀਂਹ ਪੱਥਰ ਰਖਵਾਇਆ ਇਸ ਕਮਰੇ ਤੇ ਲਗਭਗ 5,50,000K- ਰੁਪਏ ਦੀ ਲਾਗਤ ਆਵੇਗੀ। ਜਿਸ ਦਾ ਕੁੱਲ ਖਰਚਾ ਸ. ਚਰਨਜੀਤ ਸਿੰਘ ਉਨ੍ਹਾਂ ਦੀ ਧਰਮ ਪਤਨੀ ਚੰਨਣ ਕੌਰ ਉਨ੍ਹਾਂ ਦਾ ਬੇਟਾ ਲਖਵੀਰ ਸਿੰਘ ਜਸਪਾਲ ਸਿੰਘ ਰਛਪਾਲ ਸਿੰਘ ਅਤੇ ਦਲਬੀਰ ਸਿੰਘ ਜੋ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਹਨ ਆਪ ਨਿੱਜੀ ਪੱਧਰ ਤੇ ਕਰ ਰਹੇ ਹਨ ਪਹਿਲਾਂ ਵੀ ਇਸ ਦਾਨੀ ਪਰਿਵਾਰ ਵੱਲੋਂ ਇਸ ਸਕੂਲ ਵਿੱਚ ਕਈ ਕਮਰੇ ਬਣਾ ਕੇ ਦਿੱਤੇ ਹੋਏ ਹਨ ਅਤੇ ਇਸ ਸਕੂਲ ਨੂੰ ਜ਼ਮੀਨ ਵੀ ਦਾਨ ਵਜੋਂ ਦਿੱਤੀ ਹੋਈ ਹੈ ਸਕੂਲ ਪ੍ਰਿੰਸੀਪਲ ਸਕੂਲ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ਼ ਸ. ਚਰਨਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦਾ ਦਿਲੋਂ ਧੰਨਵਾਦੀ ਹੈ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


## ਪੰਜਾਬੀ ਗਾਇਕ ਪਰੇਮ ਚਮਕੀਲੇ ਦੀ ਬੁਲੰਦ ਅਵਾਜ ਵਿੱਚ ਸੁਪਰ ਹਿੱਟ ਗੀਤ 'ਮੁੜ ਚਮਕੀਲਾ'




**ਚੰਡੀਗੜ (ਪ੍ਰੀਤਮ ਲੁਧਿਆਣਵੀ)** ਪੰਜਾਬੀ ਗਾਇਕ ਪਰੇਮ ਚਮਕੀਲੇ ਦੀ ਬੁਲੰਦ ਅਵਾਜ ਵਿੱਚ ਸੁਪਰ ਹਿੱਟ ਗੀਤ 'ਮੁੜ ਚਮਕੀਲਾ' ਮਾਰਕੀਟ ਵਿੱਚ ਲਾਂਚ ਕੀਤਾ ਗਿਆ। ਇਸਨੂੰ ਕਲਮਬੱਧ ਕੀਤਾ ਹੈ ਸੁਪ੍ਰਸਿੱਧ ਗੀਤਕਾਰ ਰਾਜੂ ਨਾਹਰ ਬਾਸੀਆਂ ਬੈਦਵਾਣ ਨੇ ਅਤੇ ਇਸ ਨੂੰ ਲਾਜੁਵਾਬ ਸੰਗੀਤਕ ਧੁਨਾ ਦਿੱਤੀਆਂ ਹਨ, ਸੰਗੀਤਕਾਰ ਅਵਤਾਰ ਧੀਮਾਨ ਨੇ। ਪੇਸ਼ਕਰਤਾ ਗੀਤਕਾਰ ਰਾਜੂ ਨਾਹਰ ਅਤੇ ਜਸ਼ਨ ਐਨ ਰਿਕਾਰਡਜ਼ ਕੰਪਨੀ ਵੱਲੋਂ ਰਿਲੀਜ ਕੀਤੇ , ਸਵ: ਗਾਇਕ ਜੋੜੀ ਅਮਰ ਸਿੰਘ ਚਮਕੀਲਾ ਅਤੇ ਬੀਬਾ ਅਮਰਜੋਤ ਨੂੰ ਸਮਰਪਿਤ ਇਸ ਗੀਤ ਨੂੰ 13-10-19 ਨੂੰ ਸ਼ਾਮ 8:30 ਵਜੇ ਡੀ ਡੀ ਪੰਜਾਬੀ ਛਣਕਾਰ ਵਿੱਚ ਦੇਖਿਆ ਤੇ ਸੁਣਿਆ ਜਾ ਸਕਦਾ ਹੈ।


BERKSHIRE HATHAWAY
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਣੀ ਡਾਕੂਮੈਂਟਰੀ ਦਾ ਲਾਸ ਏਂਜਲਸ ਚ' ਹੋਇਆਂ ਭਰਪੂਰ ਸਵਾਗਤ







**ਲਾਸ ਏਂਜਲਸ, (ਰਾਜ ਗੋਗਨਾ)–** ਅੱਜ 200 ਤੋਂ ਵੱਧ ਮਹਿਮਾਨਾਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਉੱਤੇ ਰੀਗਲ ਥੀਏਟਰ ਵਿਖੇ ਪਹਿਲੀ ਦਸਤਾਵੇਜ਼ੀ ਫਿਲਮ ਨੂੰ ਵੇਖਿਆ ਅਤੇ ਭਾਰੀ ਤਾੜੀਆਂ ਮਾਰੀਆਂ ਜਦੋਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਉੱਤੇ ਅੰਗਰੇਜ਼ੀ ਭਾਸ਼ਾ ਵਿੱਚ ਇਸ ਪਹਿਲੀ ਫਿਲਮ ਨੂੰ ਵੇਖਣਾ ਸਮਾਪਤ ਕੀਤਾ। ਲਾਸ ਏਂਜਲਸ ਅਤੇ ਯੂਨਾਈਟਿਡ ਸਟੇਟ ਦੇ ਹੋਰ ਹਿੱਸਿਆਂ ਤੋਂ ਮਹਿਮਾਨ ਸਿੱਖ ਧਰਮ ਦੇ ਬਾਨੀ 'ਤੇ ਬਣੀ ਇਸ ਫਿਲਮ ਦੀ ਰਿਲੀਜ਼ ਨੂੰ ਵੇਖਣ ਲਈ ਉਚੇਚੇ ਤੌਰ' ਤੇ ਪਹੁੰਚੇ। ਵੱਖ ਵੱਖ ਧਰਮਾਂ ਦੇ ਬਹੁਤ ਸਾਰੇ ਨੇਤਾ ਇਸ ਸਮਾਰੋਹ ਵਿੱਚ ਸਿੱਖਾਂ ਨਾਲ ਸ਼ਾਮਲ ਹੋਏ।

ਅਤੇ ਉਹਨਾਂ ਨੇ ਸਮਾਪਤੀ ਤੇ ਵੱਖ ਵੱਖ ਧਰਮਾਂ ਦੀ ਅਰਦਾਸ ਵੀ ਕੀਤੀ।ਫਿਲਮ ਨਿਰਦੇਸ਼ਕ ਜੈਰੀ ਕ੍ਰੈਲ, ਬਿਸ਼ਪ ਜੌਨ ਚੈਨ, ਵਾਸ਼ਿੰਗਟਨ ਨੈਸ਼ਨਲ ਕੈਥੇਡ੍ਰਲ ਦੇ ਸਾਬਕਾ ਮੁਖੀ, ਅਤੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਡਾ. ਮਾਰਕ ਜਰਗਨਸਮਾਇਰ ਅਤੇ ਡਾ. ਰਾਜਵੰਤ ਸਿੰਘ ਨੇ ਇਸ ਮੌਕੇ ਆਪਣੇ ਵਿਚਾਰ ਰੱਖੇ।

ਫਿਲਮ ਦੀ ਰਿਲੀਜ਼ ਦੀ ਮੁੱਖ ਪ੍ਰਬੰਧਕ ਡਾ: ਸੁਰਿੰਦਰ ਕੌਰ ਦਰਗਨ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ, "ਇਹ ਅਮਰੀਕਾ ਅਤੇ ਦੁਨੀਆ ਦੇ ਸਿੱਖਾਂ ਲਈ ਬਹੁਤ ਹੀਕੀਮਤੀ ਪਲ ਹੈ। ਅਸੀਂ ਇਸ ਤਰ੍ਹਾਂ ਦੀ ਫਿਲਮ ਦਾ ਇੰਤਜ਼ਾਰ ਕਰ ਰਹੇ ਸੀ ਤਾ ਕਿ ਅਸੀਂ ਆਪਣੇ ਸੰਸਥਾਪਕ ਬਾਰੇ ਇਹ ਜਾਣਕਾਰੀ ਫੈਲਾ ਸਕੀਏ।

"ਜੈਰੀ ਕਾਰਲ ਭਾਵੁਕ ਹੋ ਗਏ ਅਤੇ ਕਿਹਾ, "ਮੇਰੇ ਲਈ ਇਸ ਫਿਲਮ 'ਤੇ ਕੰਮ ਕਰਨਾ ਇਕ ਬਹੁਤ ਕੁਝ ਸਿੱਖਣ ਵਾਲਾ ਸਮਾਂ ਸੀ ਅਤੇ ਇਕ ਨਿਮਰਤਾ ਵਾਲਾ ਤਜਰਬਾ ਸੀ ਅਤੇ ਮੈਂ ਚਾਹੁੰਦਾ ਹਾਂ ਕਿ ਵਿਸ਼ਵ ਗੁਰੂ ਨਾਨਕ ਬਾਰੇ ਜਾਣੇ"ਬਿਸ਼ਪ ਚੈਨ ਨੇ ਕਿਹਾ, "ਇੱਕ ਇਸਾਈ ਹੋਣ ਦੇ ਨਾਤੇ ਮਹਿਸੂਸ ਕਰਦਾ ਹਾਂ ਕਿ ਇਹ ਫਿਲਮ ਸਿੱਖਾਂ ਨੂੰ ਵਿਸ਼ਵ ਵਿੱਚ ਮਹੱਤਵਪੂਰਨ ਥਾਂ ਦਿਵਾਉਣ ਚ ਮਦਦ ਕਰੇਗੀ। ਗੁਰੂ ਨਾਨਕ ਦੇਵ ਜੀ ਦੇ ਅਤੇ ਸਿੱਖ ਕੌਮ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਜਾਏਗੀ। " ਮਾਰਕ ਜੁਅਰਗੇਨਸਮੇਅਰ ਨੇ ਕਿਹਾ, "ਇਹ ਸਰਬੋਤਮ ਫਿਲਮ ਹੈ ਜੋ ਮੈਂ ਸਿੱਖ ਧਰਮ ਅਤੇ ਸਿੱਖ ਕੌਮ ਉੱਤੇ ਵੇਖੀ ਹੈ। ਉਨ੍ਹਾਂ ਅੱਗੇ ਕਿਹਾ, "ਇਹ ਫ਼ਿਲਮ ਯੁੱਗਾਂ ਲਈ ਇਕ ਖਜ਼ਾਨਾ ਹੈ ਜੋ ਵਿਅਕਤੀਗਤ ਸਿੱਖਾ, ਸਿੱਖ ਭਾਈਚਾਰੇ ਅਤੇ ਇਸ ਸਾਰੇ ਵਿਸ਼ਵ ਵਿਆਪੀ ਬਹੁ-ਸੱਭਿਆਚਾਰਕ ਸੰਸਾਰ ਵਿਚ ਸਾਡੇ ਸਾਰਿਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਪੀਬੀਐਸ ਅਮਰੀਕੀ ਚੈਨਲ ਆਉਣ ਵਾਲੇ ਮਹੀਨਿਆਂ ਵਿਚ ਇਸ ਦਸਤਾਵੇਜ਼ੀ ਫ਼ਿਲਮ ਨੂੰ ਪੂਰੇ ਅਮਰੀਕਾ ਦੇ 200 ਟੀਵੀ ਸਟੇਸ਼ਨਾਂ 'ਤੇ ਪ੍ਰਦਰਸ਼ਤ ਕਰਨ ਵਿਚ ਸਹਾਇਤਾ ਕਰੇਗੀ ਕਿਉਂਕਿ ਸਿੱਖ ਧਰਮ ਦੇ ਬਾਨੀ ਦੀ 550 ਵੀਂ ਜਯੰਤੀ ਸਿੱਖ ਮਨਾ ਰਹੇ ਹਨ। ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਮੁੱਖ ਨੁਕਤੇ ਬਿਆਨ ਕਰਨ ਤੋਂ ਇਲਾਵਾ, ਇਸ ਦਸਤਾਵੇਜ਼ੀ ਫਿਲਮ ਵਿਚ ਬਿਸ਼ਪ ਚੈਨ, ਇਕ ਨਾਮਵਰ ਈਸਾਈ ਨੇਤਾ ਅਤੇ ਵਾਸ਼ਿੰਗਟਨ ਨੈਸ਼ਨਲ ਗਿਰਜਾਘਰ ਦੇ ਸਾਬਕਾ ਮੁਖੀ, ਰੱਬੀ ਡੇਵਿਡ ਰੋਜ਼ਨ, ਇਕ ਪ੍ਰਸਿੱਧ ਯਹੂਦੀ ਆਗੂ, ਬੌਬ ਥਰਮਨ, ਇੱਕ ਬੋਧੀ ਵਿਦਵਾਨ ਅਤੇ ਟਾਈਮ ਮੈਗਜ਼ੀਨ ਦੇ 50 ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚੋਂ ਇੱਕ, ਜੋਰਜਟਾਉਨ ਯੂਨੀਵਰਸਿਟੀ ਦੇ ਇੱਕ ਹਿੰਦੂ ਵਿਦਵਾਨ ਡਾ: ਵ੍ਰਜਵਿਹਾਰੀ ਸਰਨ, ਗੁਰੂ ਨਾਨਕ ਦੇਵ ਉੱਤੇ ਇੱਕ ਕਿਤਾਬ ਦੇ ਲੇਖਕ ਰਾਜਦੂਤ ਨਵਤੇਜ ਸਰਨਾ, ਟ੍ਰਿਬਿਊਨ ਇੰਡੀਆ ਦੇ ਸਹਿਯੋਗੀ ਸੰਪਾਦਕ, ਰੁਪਿੰਦਰ ਸਿੰਘ , ਹੋਬੋਕੇਨ ਦੇ ਸਿੱਖ ਮੇਅਰ, ਰਵੀ ਭੱਲਾ, ਡਾ ਨਿੱਕੀ ,ਗੁਨਿੰਦਰ ਕੌਰ, ਬਹੁਤ ਸਾਰੀਆਂ ਕਿਤਾਬਾਂ ਦੇ ਲੇਖਕ ਅਤੇ ਕਮਲਾ ਕਪੂਰ, ਗੁਰੂ ਨਾਨਕ ਦੇਵ ਜੀ ਤੇ ਕਿਤਾਬ ਦੇ ਲੇਖਕ ਹਨ।

ਨੈਸ਼ਨਲ ਸਿੱਖ ਮੁਹਿੰਮ (ਐਨਐਸਸੀ) ਨੇ ਇਸ ਪ੍ਰਾਜੈਕਟ ਦੇ ਬਣਾਉਣ ਵਿੱਚ ਸਹਾਇਤਾ ਕੀਤੀ ਅਤੇ ਯੂ. ਐਸ.ਏ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਤੋਂ ਬਹੁਤ ਸਾਰੇ ਸਿੱਖਾਂ ਨੇ ਯੋਗਦਾਨ ਪਾਇਆ। ਜਾਗਰੂਕਤਾ ਫਿਲਮ ਮੇਲਾ ਦੇ ਅੰਤਿਮ ਦਿਨ ਗੁਰੂ ਨਾਨਕ ਡਾਕੂਮੈਂਟਰੀ ਪੇਸ਼ ਕੀਤੀ ਗਈ। ਡਾ: ਰਾਜਵੰਤ ਸਿੰਘ, ਸਹਿ-ਬਾਨੀ ਅਤੇ ਐਨ ਐਸ ਸੀ ਦੇ ਸੀਨੀਅਰ ਸਲਾਹਕਾਰ, ਨੇ ਕਿਹਾ, "ਦਰਸ਼ਕਾਂ ਦਾ ਹੁੰਗਾਰਾ ਸਾਨੂੰ ਯਕੀਨ ਦਿਵਾਉਂਦਾ ਹੈ ਕਿ ਇਸ ਫਿਲਮ ਦਾ ਪ੍ਰਭਾਵ ਅਮਰੀਕਨਾਂ ਅਤੇ ਵਿਸ਼ਵ ਨੂੰ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਯੋਗਦਾਨਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕਰੇਗਾ। ਐਨ.ਐਸ.ਸੀ ਦੇ ਚੇਅਰਮੈਨ ਅਮ੍ਰਿੰਤਪਾਲ ਸਿੰਘ ਨੇ ਕਿਹਾ, "ਅਸੀਂ ਹਿੰਦੂ, ਸਿੱਖ, ਸਿੰਧੀਆਂ ਵੱਲੋਂ ਪਾਏ ਯੋਗਦਾਨ ਲਈ ਧੰਨਵਾਦੀ ਹਾਂ ਅਤੇ ਬਹੁਤ ਸਾਰੇ ਭਾਈਚਾਰੇ ਇਸ ਯਤਨ ਦਾ ਸਮਰਥਨ ਕਰਨ ਲਈ ਜੁੜੇ ਹੋਏ ਹਨ। ਗੁਰੂ ਨਾਨਕ ਸਭਨਾਂ ਨਾਲ ਸਬੰਧਤ ਹਨ।

# ਸਰਕਾਰ ਨੇ ਧਰਨੇ ਤੇ ਬੈਠੇ ਗ੍ਰਿਫ਼ਤਾਰ ਕੀਤੇ ਲੋਕਾਂ ਨੂੰ ਰਿਹਾਅ ਕੀਤਾ

**ਜਲੰਧਰ–** ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਸੰਤ ਸਮਾਜ ਦੇ ਸਾਂਝੇ ਯਤਨਾਂ ਸਦਕਾ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਮੰਦਰ ਤੁਗਲਕਾਬਾਦ ਦੇ ਢਾਹੇ ਜਾਣ ਉਪਰੰਤ 21 ਅਗਸਤ ਦੇ ਧਰਨੇ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਧਰਨਾਕਾਰੀਆਂ ਵਿਚੋਂ 21 ਵਿਅਕਤੀਆਂ ਦੀ ਜ਼ਮਾਨਤ ਮਨਜ਼ੂਰ ਹੋ ਗਈ ਹੈ। ਬਾਕੀ ਵਿਅਕਤੀਆਂ ਦੀ ਜਮਾਨਤ ਵੀ ਬਹੁਤ ਜਲਦੀ ਹੋ ਜਾਵੇਗੀ। ਇਸ ਸਬੰਧ ਵਿਚ ਇਕ ਵਫ਼ਦ ਪਿਛਲੇ ਦਿਨੀਂ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਮਿਲਿਆ ਸੀ, ਜਿਹਨਾਂ ਨੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਜਲਦੀ ਰਿਹਾਅ ਕਰਵਾਉਣ ਅਤੇ ਮੰਦਰ ਵਾਸਤੇ ਉਹੀ ਜਗ੍ਹਾ ਦੇਣ ਦਾ ਭਰੋਸਾ ਦਿੱਤਾ ਸੀ।

ਇਹ ਗੱਲ ਇੱਥੇ ਇਕ ਸਾਂਝੀ ਪ੍ਰੈਸ ਕਾਨਫਰੰਸ




ਦੌਰਾਨ ਸੰਤ ਨਿਰਮਲ ਦਾਸ ਜੌੜਾ ਪ੍ਰਧਾਨ, ਸੰਤ ਸਰਵਣ ਦਾਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ, ਸੰਤ ਸਰਵਣ ਦਾਸ ਪ੍ਰਧਾਨ ਆਦਿ ਧਰਮ ਸਾਧੂ ਸਮਾਜ, ਸੰਤ ਜਗਵਿੰਦਰ ਲਾਂਬਾ ਇੰਚਾਰਜ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ, ਸ੍ਰੀ ਚਰਨ ਛੋਹ ਗੰਗਾ (ਅੰਮ੍ਰਿਤ ਕੁੰਡ) ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ, ਪ੍ਰਧਾਨ ਸੰਤ ਸੁਰਿੰਦਰ ਦਾਸ, ਮਹੰਤ ਪ੍ਰਸ਼ੋਤਮ ਲਾਲ ਸੰਚਾਲਕ ਦੇਹਰਾ ਚੱਕ ਹਕੀਮ ਫਗਵਾੜਾ, ਸੰਤ ਜਗੀਰ ਸਿੰਘ ਚੇਅਰਮੈਨ ਸਰਬੱਤ ਭਲਾ ਆਸ਼ਰਮ ਮਕਸੂਦਾਂ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ. ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਇਹ ਦਾਅਵਾ ਕੀਤਾ।



ਸ਼੍ਰੀ ਗੁਰੂ ਰਵਿਦਾਸ ਮੰਦਿਰ ਸੱਚਖੰਡ ਚੱਕ ਹਕੀਮ ਫਗਵਾੜਾ ਦੇ ਗੱਦੀ ਨਸ਼ੀਨ ਮਹੰਤ ਪਰਸ਼ੋਤਮ ਲਾਲ ਜੀ ਨੇ ਜਲੰਧਰ ਵਿਖੇ ਭਗਵਾਨ ਵਾਲਮੀਕਿ ਜੀ ਦੇ ਜਨਮ ਉਤਸਵ ਦੇ ਸੰਬੰਧ ਵਿਚ ਸ਼ੋਭਾ ਯਾਤਰਾ ਵਿਚ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਸ਼੍ਰੀ ਪ੍ਰੇਮ ਪਾਲ ਡੁਮੇਲੀ, ਪਾਵਨ ਅਗਨੀਹੋਤਰੀ ਅਤੇ ਜੀਵਨ ਸਿੰਘ ਵੀ ਸ਼ਾਮਿਲ ਸਨ। ਤਾਲਮੇਲ ਕਮੇਟੀ ਨਗਰ ਨਿਗਮ ਜਲੰਧਰ ਦੇ ਸਾਥੀਆਂ ਵਲੋਂ ਮਹੰਤ ਪਰਸ਼ੋਤਮ ਲਾਲ ਜੀ ਨੂੰ ਸਨਮਾਨਿਤ ਕੀਤਾ ਗਿਆ।

# ਪੰਜਾਬ ਬੁੱਧਿਸਟ ਸੁਸਾਇਟੀ ਵੱਲੋਂ ਮੋਹਨ ਭਾਗਵਤ ਦੇ ਬਿਆਨ ਦੀ ਨਿਖੇਧੀ

**ਜਲੰਧਰ–** ਆਰ. ਐਸ. ਐਸ. ਮੁਖੀ ਮੋਹਨ ਭਾਗਵਤ ਵੱਲੋਂ ਦੁਸ਼ਹਿਰੇ ਸਮਾਗਮ ਉਪਰ ਦਿੱਤੇ ਬਿਆਨ 'ਭਾਰਤ ਇਕ ਹਿੰਦੂ ਰਾਸ਼ਟਰ' ਦੀ ਸਖ਼ਤ ਨਿਖੇਧੀ ਕਰਦਿਆਂ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਮੰਗ ਕੀਤੀ ਹੈ ਕਿ ਸ੍ਰੀ ਮੋਹਨ ਭਾਗਵਤ ਉਪਰ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਕੇ ਉਹਨਾਂ ਨੂੰ ਜੇਲ੍ਹ ਭੇਜਣਾ ਚਾਹੀਦਾ ਹੈ।

ਸ੍ਰੀ ਮੋਹਨ ਭਾਗਵਤ ਵੱਲੋਂ ਅਜਿਹੇ ਭੜਕਾਊ ਬਿਆਨ ਦੇਣ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਉਪਰ ਮਾੜਾ ਅਸਰ ਪੈਂਦਾ ਹੈ।

ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ ਅਤੇ ਭਾਰਤ ਦੇ ਸੰਵਿਧਾਨ ਵਿਚ ਸ਼ੁਰੂ ਵਿਚ ਹੀ ਲਿਖਿਆ ਗਿਆ ਹੈ ਕਿ ਭਾਰਤ ਧਰਮ ਨਿਰਪੱਖ ਦੇਸ਼ ਹੈ। ਭਾਰਤ ਵਿਚ ਵੱਖ-ਵੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਵੱਖ ਵੱਖ ਧਰਮ ਹਨ ਅਤੇ ਸਾਰੇ ਧਰਮਾਂ ਅਤੇ ਭਾਸ਼ਾਵਾਂ ਨੂੰ ਬਰਾਬਰ ਦਾ ਸਨਮਾਨ ਦਿੱਤਾ ਜਾਂਦਾ ਹੈ। ਸ੍ਰੀ ਮੋਹਨ ਭਾਗਵਤ ਦੇ ਵਾਦ-ਵਿਵਾਦ ਵਾਲੇ ਬਿਆਨ ਨੇ ਘੱਟ ਗਿਣਤੀ ਧਰਮਾਂ (ਮੁਸਲਿਮ, ਇਸਾਈ, ਸਿੱਖ, ਬੋਧੀ, ਜੈਨ ਅਤੇ ਪਾਰਸੀ) ਦੇ ਲੋਕਾਂ ਵਿਚ ਅਸੁਰੱਖਿਆ ਅਤੇ ਚਿੰਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਇਸ ਲਈ ਮੋਹਨ ਭਾਗਵਤ ਜੀ ਨੂੰ ਲੋਕਾਂ ਵਿਚ ਬੇਚੈਨੀ ਪੈਦਾ ਕਰਨ ਦੇ ਦੋਸ਼ ਵਿਚ ਮੁਕੱਦਮਾ ਦਰਜ ਕਰਕੇ ਜੇਲ੍ਹ ਭੇਜਣਾ ਚਾਹੀਦਾ ਹੈ।

-----------

# ਗ਼ਦਰੀ ਬਾਬਿਆਂ ਦੇ ਮੇਲੇ 'ਚ 'ਬਾਬਾ ਨਾਨਕ ਅਤੇ ਅੱਜ' ਵਿਸ਼ੇ 'ਤੇ ਹੋਏਗੀ ਚਰਚਾ

**ਜਲੰਧਰ–** 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਲੱਗ ਰਹੇ ਗ਼ਦਰੀ ਬਾਬਿਆਂ ਦੇ 28ਵੇਂ ਮੇਲੇ ਮੌਕੇ ਪਹਿਲੀ ਨਵੰਬਰ ਸ਼ਾਮ 4 ਵਜੇ 'ਬਾਬਾ ਨਾਨਕ ਦੀ ਵਿਚਾਰਧਾਰਾ ਅਤੇ ਅੱਜ' ਵਿਸ਼ੇ ਉਪਰ ਗੰਭੀਰ ਵਿਚਾਰ-ਚਰਚਾ ਹੋਏਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਿਚਾਰ-ਚਰਚਾ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਡਾ. ਸੁਰਜੀਤ ਲ਼ੀ ਪਟਿਆਲਾ, ਡਾ.ਜੋਗਿੰਦਰ ਸਿੰਘ ਅੰਮ੍ਰਿਤਸਰ, ਡਾ.ਕਰਮਜੀਤ ਸਿੰਘ ਅਤੇ ਕਾਮਰੇਡ ਜਗਰੂਪ ਮੁੱਖ ਤੌਰ 'ਤੇ ਹਿੱਸਾ ਲੈਣਗੇ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਇਹ ਵਿਚਾਰ-ਚਰਚਾ ਉਹਨਾਂ ਸਮਿਆਂ ਨਾਲੋਂ ਵੀ ਤਿੱਖਆਂ ਹੋਈਆਂ ਆਰਥਕ, ਰਾਜਨੀਤਕ, ਸਮਾਜਕ ਅਤੇ ਸਭਿਆਚਾਰਕ ਚੁਣੌਤੀਆਂ ਨੂੰ ਮੁਖ਼ਾਤਬ ਹੁੰਦਿਆਂ ਸਾਰਥਕ ਸਿੱਟੇ ਕੱਢਣ ਦਾ ਯਤਨ ਕਰੇਗੀ।



ਸ੍ਰੀਮਤੀ ਨੀਲਮ ਰਾਣੀ ਸਮਾਜਿਕ ਸਿੱਖਿਆ ਅਧਿਆਪਕਾਂ ਸ ਸ ਸ ਸ ਸ ਢੱਡਾ ਫ਼ਤਿਹ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੇ ਹੀ ਸਕੂਲ ਵਿੱਚ ਚੱਲ ਰਹੇ ਪ੍ਰੀ-ਪ੍ਰਾਇਮਰੀ ਸੈਕਸ਼ਨ ਦੇ ਵਿਦਿਆਰਥੀਆਂ ਨੂੰ ਝੂਲੇ ਲਗਵਾਉਣ ਲਈ 25000/- ਰੁਪਏ ਆਪਣੀ ਨੇਕ ਕਮਾਈ ਵਿੱਚੋਂ ਦਾਨ ਕੀਤੇ। ਸਕੂਲ ਪ੍ਰਿੰਸੀਪਲ ਐਸ ਐਮ ਸੀ ਕਮੇਟੀ ਅਤੇ ਸਮੂਹ ਸਟਾਫ ਮੈਡਮ ਨੀਲਮ ਰਾਣੀ ਜੀ ਦਾ ਦਿਲੋਂ ਧੰਨਵਾਦੀ ਹੈ।

# ਹੁਸਿਆਰਪੁਰ 'ਚ ਰਾਵਣ ਦੀ ਪੂਜਾ ਸ਼ੋਸਲ ਮੀਡੀਆ 'ਤੇ ਵੀਡੀਓ ਚਰਚਾ ਦਾ ਵਿਸ਼ਾ ਬਣੀ

**ਹੁਸ਼ਿਆਰਪੁਰ–** ਹੁਸ਼ਿਆਰਪੁਰ ਚ ਮੁਹੱਲਾ ਰਹੀਮਪੁਰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਚ ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਦੇ ਯੂਥ ਆਗੂ ਅਮਰਜੀਤ ਭੱਟੀ ਤੇ ਕਮਲਜੀਤ ਦਰਦੀ ਦੀ ਅਗਵਾਈ ਚ ਨੌਜਵਾਨਾਂ ਦਾ ਇਕੱਠ ਹੋਇਆਂ ਤੇ ਦੁਸਹਿਰਾ ਛੱਡ ਕੇ ਬਹੁਜਨਾ ਨੇ ਰਾਵਣ ਦੀ ਪੂਜਾ ਕਰਨ ਦਾ ਫੈਸਲਾ ਲਿਆ ਤੇ ਪਿਛਲੇ ਸਾਲ ਵੀ ਰਾਵਣ ਦੀ ਪੂਜਾ ਕੀਤੀ ਗਈ ਸੀ ਪਰ ਹੁਸ਼ਿਆਰਪੁਰ ਤੋ ਰਾਵਣ ਦੀ ਪੂਜਾ ਦਾ ਅਸਰ ਪੰਜਾਬ ਭਰ ਚ ਰਾਵਣ ਦੀ ਪੂਜਾ ਦੇਖਣ ਨੂੰ ਮਿਲੀ ਰਹੀ ਹੈ ਸ਼ੋਸਲ ਮੀਡੀਆ ਤੇ ਵੀਡੀਓ ਚਰਚਾ ਦਾ ਵਿਸ਼ਾ ਬਣ ਗਿਆ ਹੈ ਦੁਸਹਿਰੇ ਵਾਲੇ ਦਿਨ ਰਾਵਣ ਦੇ ਪੁਤਲਾ ਫੂਕਣ ਨੂੰ ਦੇਖਣ ਨੂੰ ਮਿਲ ਰਹੇ ਸਨ ਤੇ ਦੂਜੇ ਪਾਸੇ ਬਹੁਜਨ ਸਮਾਜ ਵੱਲੋਂ ਰਾਵਣ ਦੀ



ਪੂਜਾ ਕਰਨ ਦਾ ਫੈਸਲਾ ਏ ਇੱਕ ਅਮਨਸ਼ਾਤੀ ਦਾ ਸੁਨੇਹਾ ਮਿਲ ਰਿਹਾ ਹੈ ਇਸ ਮੋਕੇ ਤੇ ਉਂਕਾਰ ਸਿੰਘ ਝੰਮਟ ਬਸਪਾ ਹੁਸ਼ਿਆਰਪੁਰ , ਡਾ ਰਤਨ ਚੰਦ ਬਸਪਾ ਹੁਸ਼ਿਆਰਪੁਰ, ਬੀਬੀ ਮਹਿੰਦਰ ਕੋਰ ਬਸਪਾ ਹੁਸ਼ਿਆਰਪੁਰ, ਚੰਦਨ ਲੱਕੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਨੋਜਵਾਨ ਸਭਾ ਰਹੀਮਪੁਰ, ਡਾ ਪ੍ਰਿੰਸ ਲੋਬੈਟਰੀ ਰਹੀਮਪੁਰ ਤੇ ਫੈਲਵੇਅਰ ਸੁਸਾਇਟੀ ਇਸਤਰੀ ਸਭਾ ਹੁਸਿਆਰਪੁਰ ਦੀ ਪ੍ਰਧਾਨ ਬੀਬੀ ਦਲਵੀਰ ਕੋਰ, ਤੇ ਵੱਡੀ ਜਨਸੰਖਿਆ ਚ ਲੋਕਾਂ ਨੇ ਲੰਕਾਪਤੀ ਰਾਵਣ ਦੀ ਪੂਜਾ ਕਰਦੇ ਹੋਏ ਜੈ ਲੰਕਵੈਸਰ ਜੈ ਭੀਮ ਦੇ ਜੈਕਾਰਿਆਂ ਨਾਲ ਹੁਸਿਆਰਪੁਰ ਗੂੰਜਿਆਂ ਏ ਵੀਡੀਓ ਸ਼ੋਸਲ ਮੀਡੀਆ ਤੇ ਚਰਚਾਂ ਦਾ ਵਿਸ਼ਾ ਬਣੀ ਹੋਈ ਯੂ ਟੂਬ ਚੈਨਲ ਬਹੁਜਨ ਲਾਈਵ ਤੇ ਐਪ ਲੋਡ ਕੀਤੀ ਗਈ ਸੀ 91-98140-57313

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

**October 20, 2019**

**Sukhmani Sahib Path and Langar Sewa by Toora Family**

Sri Sukhmani Sahib Path and Langar Sewa will be hosted by Bhai Bhajan Toora, Kamaljit Toora and family for Sukh Shanti of their family. May Waheguru keep Toora family in Chardi Kala.

**October 27, 2019**

**DIWALI will be celebrated in the Gurughar.**

Sukhmani Sahib path will start at 6:00 PM. Giani Gurnam Singh and Gini Ompal Singh will also do Kirtan sewa. Guru Ka Langar will be hosted by Suman family. Sangat is requested to come for preparations and celebrations. Please bring a candle or diya. May Waheguru fulfill everyone's wishes. HAPPY DIWALI.

**November 9, 2019- Sukhmani Sahib Path and Langar Sewa by Vikramvir Sharma and Jaspreet Sharma**

Sri Sukhmani Sahib Path and Langar Sewa will be hosted by Bhai Vikramvir Sharma, Jaspreet Sharma and family for Sukh Shanti of their family. May Waheguru bless Sharma family.

**November 15-16-17, 2019**

Sri Guru Nanak Dev Ji's "Parkash Utsav" will be celebrated at our Gurughar on November 17, 2019. Akhand path will start on Friday 11/15/2019, at 10:00 AM and will be concluded with Bhog ceremony on Sunday morning 11/17/2019. Path and Langar Sewa will be hosted by Bhai Varinder Kumar Sudhir and family.

**San Francisco Sadh Sangat Samagam 2019**

**November 28 to December 01, 2019**

Samagam start at 4:30 pm on November 28 (Thursday) and ends at 12:00 pm on December 01 (Sunday)

"NANAK NAM CHARDI KALA TERE BHANE SARBAT DA BHALA"

**Sangat De Sewadar**

**Jagtar Bhatia (Chairman), Shinder Paul Narabut (President)**

**Dharam Pal Chonkria (General Secretary), Vinod Kumar (Treasurer)**


TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ ਮਨਾਇਆ ਗਿਆ

ਯੂਬਾ ਸਿਟੀ- ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਤੇ ਪਿਆਰ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ ਕੈਲੇਫੋਰਨੀਆ ਵਿਖੇ ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਬਹੁਤ ਹੀ ਸ਼ਰਧਾ, ਪਿਆਰ ਅਤੇ ਸਤਿਕਾਰ ਨਾਲ ਮਨਾਇਆ ਗਿਆ। 11 ਅਕਤੂਬਰ 2019 ਦਿਨ ਸ਼ੁੱਕਰਵਾਰ ਨੂੰ ਰਮਾਇਣ ਸਾਹਿਬ ਦੇ ਅਖੰਡ ਪਾਠ ਸਾਹਿਬ ਦੇ ਪਾਠ ਰੱਖੇ ਗਏ। ਤਿੰਨ ਦਿਨ ਪਾਠ ਪੜ੍ਹੇ ਗਏ। ਪਾਠ ਪੜ੍ਹਨ ਦੀ ਸੇਵਾ ਰਾਜ ਕੁਮਾਰ ਪੰਡੋਰੀ, ਵਿਨੋਦ ਗਿੱਲ, ਬਲਵੀਰ ਧਾਰੀਵਾਲ, ਰਵੀ ਸਿੰਘ, ਸੰਤੋਖ ਸਿੰਘ ਗਿੱਲ, ਸੁਰਿੰਦਰ ਕੌਰ ਰੰਧਾਵਾ, ਸ਼ਿਮਲਾ ਦੇਵੀ ਨਾਹਰ, ਜਸਪਾਲ ਮਾਲੜੀ ਆਦਿ ਨੇ ਬਹੁਤ ਹੀ ਸ਼ਰਧਾ ਨਾਂਲ ਨਿਭਾਈ। ਅਕਤੂਬਰ 11 ਦਿਨ ਸ਼ੁੱਕਰਵਾਰ ਨੂੰ ਸ਼ਾਮ 6 ਵਜੇ ਤੋਂ ਲੈ ਕੇ ਰਾਤ 11 ਵਜੇ ਤੱਕ ਰਾਜ ਪੰਡੋਰੀ, ਵਿਸ਼ਾਲ ਸ਼ਰਬਤੀ, ਅਸ਼ੋਕ ਕੁਮਾਰ, ਰਾਜ ਸੂਦ, ਜੋਗਿੰਦਰ ਸਿੰਘ ਸ਼ੋਕੀ ਨੇ ਗੁਰੂ ਸਾਹਿਬ ਜੀ ਦੀ ਸ਼ੋਭਾ 'ਚ ਸ਼ਬਦ ਗਾਇਨ ਕੀਤਾ ਤੇ 12 ਅਕਤੂਬਰ ਦਿਨ ਸ਼ਨਿਚਰਵਾਰ ਦੀ ਸ਼ਾਮ 6 ਵਜੇ ਤੋਂ 11 ਵਜੇ ਤੱਕ ਜਿੱਥੇ ਕਲਾਕਾਰਾਂ ਵੱਲੋਂ ਸ਼ਸ਼ਦਾਂ ਦੀ ਝੜੀ ਲਾਈ, ਉਸਦੇ ਨਾਲ ਹੀ ਸੰਤ ਮਹਿੰਦਰ ਪਾਲ ਜੀ, ਡੇਰਾ ਸੱਚਖੰਡ ਪੰਡਵਾਂ (ਪੰਜਾਬ) ਨੇ ਕਥਾ ਤੇ ਸ਼ਬਦਾਂ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਨਿਹਾਲ ਕੀਤਾ। ਦਿਨ ਸਮੇਂ ਸਭਾ ਵੱਲੋਂ ਕਲਾਕਾਰਾਂ ਤੇ ਸੰਤ ਮਹਿੰਦਰ ਪਾਲ ਜੀ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

13 ਅਕਤੂਬਰ ਨੂੰ ਸਵੇਰੇ 11 ਵਜੇ ਸ੍ਰੀ ਰਮਾਇਣ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਤੇ ਆਰਤੀ ਕੀਤੀ ਗਈ। ਤੁਰੰਤ ਬਾਅਦ ਬਹੁਤ ਹੀ ਨਾਮਵਰ ਕਲਾਕਾਰ ਜਸਪਿੰਦਰ ਰੈਨਾ, ਅਮਰਜੀਤ ਸਿੰਘ ਲਾਲੀ, ਭੁਪਿੰਦਰ ਸਿੰਘ ਭਿੰਦਾ, ਰਾਜ ਕੁਮਾਰ ਪੰਡੋਰੀ, ਜੋਗਿੰਦਰ ਸਿੰਘ ਸ਼ੌਕੀ, ਅਸ਼ੋਕ ਕੁਮਾਰ, ਵਿਸ਼ਾਲ ਸ਼ਰਬਤੀ, ਜਸਵਿੰਦਰ ਮਦਾਰਾ, ਰਾਜ ਕੁਮਾਰ ਸੂਦ ਆਦਿ ਨੇ ਆਪਣੇ ਸ਼ਬਦਾਂ ਰਾਹੀਂ ਗੁਰੂ ਚਰਨਾਂ ਨਾਲ ਜੋੜ ਕੇ ਨਿਹਾਲ ਕੀਤਾ। ਇਸ ਤੋਂ ਇਲਾਵਾ ਗਿਆਨੀ ਪ੍ਰਿਤਪਾਲ ਸਿੰਘ, ਗਿਆਨੀ ਕ੍ਰਿਸ਼ਨ ਸਿੰਘ, ਰਵਿਦਾਸ ਟੈਂਪਲ ਯੂਬਾ ਸਿਟੀ ਤੇ ਗੁਰਦਿਆਲ ਸਿੰਘ ਜੀ ਗਿਆਨ ਨੇ ਗੁਰੂ ਸਾਹਿਬ ਦਾ ਜਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ, ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ.), ਜਸਪਾਲ ਮਾਲੜੀ, ਗੁਰਜੀਤ ਸਿੰਘ ਟਰੇਸੀ, ਵਿਨੋਦ ਗਿੱਲ, ਰਾਮ ਸੇਵਕ ਭਾਟੀਆ (ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ) ਰਾਜ ਕੁਮਾਰ ਸੂਦ (ਗੁਰੂ ਰਵਿਦਾਸ ਟੈਂਪਲ ਰਿਓਲਿੰਡਾ), ਵਿਨੋਦ ਗਿੱਲ, ਕੁਲਵਿੰਦਰ ਕੁਮਾਰ ਨਾਹਰ ਟਰੇਸੀ, ਕੇਵਲ ਸਿੱਧੂ ਵਲੇਹੋ, ਗੁਰਨਾਂਮ ਸਿੰਘ ਪੰਮਾ ਟਾਇਰਾ ਬਿਊਨਾ ਸਿੱਖ ਟੈਂਪਲ ਯੂਬਾ ਸਿਟੀ ਆਦਿ ਨੇ ਸਤਿਗੁਰੂ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਆਪਣੇ-ਆਪਣੇ ਵਿਚਾਰ ਰੱਖੇ। ਬੁਲਾਰਿਆਂ ਤੋਂ ਹਿਲਾਵਾ ਦਵਿੰਦਰ ਰੱਲ੍ਹ ਪ੍ਰਧਾਨ, ਸ਼ਿੰਗਾਰਾ ਸਿੰਘ ਰੱਲ੍ਹ, ਸਕੱਤਰ (ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ), ਪਰਮਜੀਤ ਸਿੰਘ ਭੁੱਟਾ ਤੇ ਰਾਜ ਕੁਮਾਰ ਸੂਦ (ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ), ਸਰਵਣ ਸਿੰਘ ਢਿੱਲੋਂ, ਗੁਰਮੇਜ਼ ਸਿੰਘ ਗਿੱਲ ਤੇ ਸੁਖਵਿੰਦਰ ਸਿੰਘ (ਗੁਰੂ ਘਰ ਟਾਇਰਾ ਬਿਊਨਾ, ਯੂਬਾ ਸਿਟੀ) ਆਦਿ ਭਗਵਾਨ ਵਾਲਮੀਕ ਜੀ ਦੇ ਨਤਮਸਤਕ ਹੋਏ। ਤਿੰਨ ਦਿਨ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਲੰਗਰਾਂ ਦੀ ਸੇਵਾ ਇੰਦੂ ਗਿੱਲ, ਅਜੇ ਕੁਮਾਰ ਸੌਂਧੀ, ਰਾਜ ਕੁਮਾਰ ਪੰਡੋਰੀ, ਰਵੀ ਕੁਮਾਰ ਨਾਹਰ ਸੈਕਰਾਮੈਂਟੋ ਨੇ ਕੀਤੀ। ਇਸ ਤੋਂ ਇਲਾਵਾ ਸ੍ਰੀ ਰਮਿੰਦਰ ਪਾਲ ਸਿੰਘ ਨੇ ਆਈਸ ਕ੍ਰੀਮ ਦੀ ਸੇਵਾ ਕੀਤੀ। ਦਵਿੰਦਰ ਸਿੰਘ ਤੇ ਹੋਰ ਨੌਜਵਾਨਾਂ ਨੇ ਤਾਜੇ ਜੂਸ ਦੀ ਸੇਵਾ ਕੀਤੀ। ਤਿੰਨ ਦਿਨ ਮੰਦਰ ਵਿਚ ਜਿੱਥੇ ਭਾਰੀ ਰੌਣਕਾਂ ਰਹੀਆਂ, ਮਾਹੌਲ ਵੀ ਬਹੁਤ ਸ਼ਾਂਤ ਤੇ ਖੁਸ਼ੀਆਂ ਭਰਿਆ ਰਿਹਾ। ਬਹੁਤ ਹੀ ਦੂਰ-ਦੂਰ ਤੋਂ ਜਿਵੇਂ ਐਲਕ ਗਰੋਵ, ਔਰਾਵਿਲ, ਸੈਕਰਾਮੈਂਟੋ, ਟਰੇਸੀ, ਪਿਟਸਬਰਗ, ਲਾਈਵਓਕ, ਗਰਿਡਲੀ, ਵੁੱਡਲੈਂਡ, ਫੇਅਰਫੀਲਡ ਆਦਿ ਸ਼ਹਿਰਾਂ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਤਿੰਨੇ ਹੀ ਦਿਨ ਪ੍ਰੋਗਰਾਮ ਦੀ ਕਵਰੇਜ਼ ਕਰਨ ਲਈ 'ਦੇਸ਼ ਦੁਆਬਾ (ਵੀਕਲੀ ਨਿਊਜ਼ ਪੇਪਰ) ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਹਾਜ਼ਰੀ ਲਗਵਾਈ। ਸਭਾ ਵੱਲੋਂ ਉਹਨਾਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕਰਦਿਆਂ ਧੰਨਵਾਦ ਕੀਤਾ। ਸ਼ਨਿਚਰਵਾਰ 12 ਅਕਤੂਬਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਭਾ ਦੇ ਸਰਗਰਮ ਸੇਵਾਦਾਰ ਸ੍ਰੀ ਪ੍ਰਸ਼ੋਤਮ ਲਾਲ ਸੌਂਧੀ ਵੱਲੋਂ ਕੀਤੀ ਗਈ। ਸਾਰੀਆਂ ਹੀ ਸਭਾਵਾਂ ਤੇ ਕਲਾਕਾਰਾਂ ਤੇ ਮਹਾਂਪੁਰਸ਼ਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਡਿਊਟੀ ਬਲਵੀਰ ਧਾਰੀਵਾਲ (ਸੋਨੀ) ਤੇ ਸੰਤੋਖ ਸਿੰਘ ਗਿੱਲ ਵੱਲੋਂ ਬਾਖੂਬੀ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿਚ ਮਹਾਂਰਿਸ਼ੀ ਵਾਲਮੀਕ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ ਬਹੁਤ-ਬਹੁਤ ਧੰਨਵਾਦ ਕੀਤਾ ਗਿਆ ਤੇ ਅਪੀਲ ਕੀਤੀ ਗਈ ਕਿ ਆਉਣ ਵਾਲੇ ਸਾਰੇ ਪ੍ਰੋਗਰਾਮਾਂ 'ਚ ਇਸੇ ਤਰ੍ਹਾਂ ਹੀ ਸਹਿਯੋਗ ਤੇ ਸ਼ਮੂਲੀਅਤ ਕੀਤੀ ਜਾਵੇ। ਪ੍ਰੈਸ ਨੂੰ ਇਹ ਜਾਣਕਾਰੀ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।

























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ ਮਨਾਇਆ ਗਿਆ



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)
























# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ ਮਨਾਇਆ ਗਿਆ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)








ਸੰਤ ਮਹਿੰਦਰ ਪਾਲ ਜੀ, ਡੇਰਾ ਸੱਚਖੰਡ ਪੰਡਵਾਂ (ਪੰਜਾਬ) ਅਤੇ ਸ੍ਰੀ ਜੈਰਾਮ ਗਾਟ ਅਤੇ ਹੋਰ ਪਿਛਲੇ ਦਿਨੀਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਹਾਜ਼ਰੀਆਂ ਭਰਦੇ ਹੋਏ।

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ ਮਨਾਇਆ ਗਿਆ




















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





ਯੁਬਾ ਸਿਟੀ ਅਤੇ ਲਾਈਵ ਓਕ ਦੀਆਂ ਸਾਰੀਆਂ ਕਮਿਊਨਿਟੀਆਂ ਵੱਲੋਂ ਤੇਜ ਮਾਨ, ਜੋ ਕਿ ਸੁਪਰਵਾਈਜ਼ਰ ਦੀ ਚੋਣ ਲੜ ਰਹੇ ਹਨ, ਪਹਿਲਾ ਫੰਡ ਰੇਜ਼ ਫੇਅਰਗ੍ਰਾਊਂਡ ਦੇ ਪਾਲਮਾਰ ਹਾਲ ਵਿਚ ਕੀਤਾ ਗਿਆ, ਜਿਸ ਵਿਚ 250 ਮੈਂਬਰਾਂ ਨੇ ਹਿੱਸਾ ਲਿਆ ਅਤੇ 37,500 ਡਾਲਰ ਇਕੱਠੇ ਕਰਕੇ ਤੇਜ ਮਾਨ ਨੂੰ ਆਪਣੀ ਚੋਣ ਵਧੀਆ ਤਰੀਕੇ ਨਾਲ ਲੜਨ ਲਈ ਅਤੇ ਹਰ ਵਰਗ ਦੇ ਲੋਕਾਂ ਨੂੰ ਤੇਜ ਮਾਨ ਦੀ ਮਦਦ ਲਈ ਬੇਨਤੀ ਕੀਤੀ। ਹਰ ਇਕ ਨੇ ਤੇਜ ਮਾਨ ਲਈ ਇਕ ਵਧੀਆ ਨੇਕ ਦਿਲ ਇਨਸਾਨ, ਸਖਤ ਮਿਹਨਤ ਕਰਨ ਵਾਲਾ, ਹਰ ਇਕ ਲਈ ਅੱਗੇ ਹੋ ਕੇ ਖੜ੍ਹਨ ਦੀ ਯੋਗਤਾ ਰੱਖਣ ਵਾਲਾ ਇਨਸਾਨ ਦੱਸਿਆ। ਇਸ ਸਾਰੇ ਇਕੱਠ ਦਾ ਸਿਹਾਰਾ ਸ. ਹਰਪ੍ਰੀਤ ਸਿੰਘ ਥਿਆੜਾ ਨੂੰ ਦਿੱਤਾ ਗਿਆ।






















ਤਸਵੀਰਾਂ ਅਤੇ ਵੇਰਵਾ- ਇੰਦਰਜੀਤ ਸਿੰਘ ਰੰਧਾਵਾ
(ਮੁੱਖ ਸੰਪਾਦਕ 'ਖੁਸ਼ਬੂ ਪੰਜਾਬ ਦੀ')











**ਜੋਤੀ ਜੋਤਿ 'ਤੇ ਵਿਸ਼ੇਸ਼**

# ਗੁਰੂ ਹਰਿਰਾਇ ਸਾਹਿਬ ਜੀ






ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਰਾਇ ਜੀ ਦੇ ਆਦਰਸ਼ਕ ਗੁਰ-ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੋਤਰੇ ਨੂੰ ਸੱਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਹਨਾਂ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਜੀ ਦੇ ਮਨ ਵਿਚ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਹਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਿਕ, ਗੁਰਬਾਣੀ ਵਿਚਾਰ, ਬੀਰ ਰੱਸ ਦੇ ਪ੍ਰਭਾਵਾਂ ਦੇ ਨਾਲ-ਨਾਲ ਸ਼ਸ਼ਤਰ ਵਿੱਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਮਾਲਕ ਸਨ। ਆਪ ਬਲਵਾਨ ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਹਨਾਂ ਨੇ ਨਿਰਭਊ, ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਹਨਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿੱਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ-ਸਮਝ ਕੇ ਕਰਨੀ ਹੈ ਕਿ ਕੁਝ ਨਾਜਾਇਜ਼ ਨਾ ਹੋਵੇ। ਇਸੇ ਭਾਵ ਵਿਚ ਆਪ ਨੇ ਤਾਣ ਹੁੰਦਿਆਂ ਵੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ 1530 ਈ: ਨੂੰ ਸੀਸ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਦੇ ਘਰ ਹੋਇਆ। ਆਪ ਜੀ ਦਾ ਵਿਆਹ 1640 ਈ: ਵਿਚ ਮਾਤਾ ਕ੍ਰਿਸ਼ਨਾ ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮਰਾਏ ਤੇ ਹਰਿਕ੍ਰਿਸ਼ਨ (ਗੁਰੂ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ: ਦਾ ਹੈ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸੇ ਆਸ਼ੇ ਵਿਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ। ਆਪ ਨੇ ਸੰਗਤਾਂ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ-ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ, ਸਗੋਂ ਉਸ ਦੀ ਰੱਖਿਆ ਕਰਨੀ ਹੈ। ਜਿਸ ਲਈ ਜੀਵਨ ਘੋਲ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜ੍ਹਾ ਖਾਣਾ, ਥੋੜ੍ਹਾ ਸੌਣਾ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿਚ ਰਹਿਣਾ। ਲੋੜਵੰਦਾਂ ਦੀ ਖਿੜੇ-ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਦੀ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਿਆਦਾ ਬਣਾ ਦਿੱਤੀ। ਉਹੀ ਲੰਗਰ ਸਫਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖਾਂ ਦੀ ਰਹਿਣੀ-ਬਹਿਣੀ ਦਾ ਪ੍ਰਪੱਕ ਅੰਗ ਦੱਸਿਆ। ਇਸੇ ਉਪਦੇਸ਼ ਅਧੀਨ ਜਦੋਂ 1646 ਈ: ਵਿਚ ਲਾਹੌਰ ਵਿਚ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਗਰੀਬਾਂ ਬੇਸਹਾਰਿਆਂ ਦੀ ਸੇਵਾ ਕੀਤੀ।

ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਨੂੰ ਹਦਾਇਤ ਕੀਤੀ ਕਿ ਸਵੈ-ਰੱਖਿਆ ਲਈ ਫੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਜੁਝਾਰੂ ਫੌਜ ਆਪ ਜੀ ਦੇ ਕੋਲ ਸੀ। ਜੋ ਖ਼ਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ-ਪੀਰੀ ਦੀ ਮਰਿਆਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਅ ਦੀ ਬੇਨਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜ਼ੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਿਕੋਅ ਬਚ ਨਿਕਲਣ ਵਿਚ ਸਫਲ ਹੋ ਸਕੇ। ਜਿੱਥੇ ਆਪ ਸੰਗਤ ਨੂੰ ਨਾਮ-ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ। ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰਾਂ ਵਿਚ ਜੋ ਵੀ ਰਸਦ ਸਮਾਨ ਆਵੇ, ਬੜੀ ਸੰਭਾਲ ਨਾਲ ਰੱਖਣਾ ਹੈ। ਜੋ ਲੋੜ ਪੈਣ 'ਤੇ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਬੜੀਆਂ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਹਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ, ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ, ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਅ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ। ਉਸਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

ਗੁਰੂ ਜੀ ਨਾਲ ਦਾਰਾ ਸ਼ਿਕੋਅ ਦਾ ਮੇਲ-ਮਿਲਾਪ ਵਧਦਾ ਵੇਖ ਕੇ ਔਰੰਗਜ਼ੇਬ ਨੇ ਬਹਾਨੇ ਨਾਲ ਗੁਰੂ ਜੀ ਨੂੰ ਤਲਬ ਕਰ ਲਿਆ। ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਭੇਜ ਦਿੱਤਾ। ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪਰਿਵਰਤਨ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸਨੂੰ ਇਸਲਾਮ ਵਿਚ ਲਿਆਂਦਾ ਜਾਵੇ। ਉਸ ਨੇ ਬਾਣੀ ਦਾ ਹਵਾਲਾ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਜੋ ਦਰਜ ਹੈ ਕਿ -ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।। ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਵੇਖ ਕੇ ਕਹਿ ਦਿੱਤਾ ਕਿ ਮਿਟੀ ਮੁਸਲਮਾਨ ਕੀ ਨਹੀਂ ਮਿਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਹਰਿਰਾਇ ਜੀ ਨੂੰ ਉਸਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਹਨਾਂ ਦਾ ਮਨ ਉਸ ਤੋਂ ਉਚਾਟ ਹੋ ਗਿਆ। ਗੁਰੂ ਜੀ ਅਸੂਲਾਂ ਦੇ ਬੜੇ ਪੱਕੇ ਸਨ। ਦ੍ਰਿੜ੍ਹਤਾ ਨਾਲ ਫੈਸਲਾ ਕਰ ਲਿਆ ਕਿ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ।

ਜਿੱਥੇ-ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਹਨਾਂ ਨੇ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰ ਕੇਂਦਰ ਖੋਲ੍ਹੇ। ਉਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਕਿ -

ਸੁਥਰੇ ਸ਼ਾਹੀ, ਭਗਤ ਭਗਵਾਨੀਏ। ਸੰਗਤ ਸਾਹਿਬੀਏ। ਜਿਨ੍ਹਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਨਿਯੁਕਤ ਕੀਤੇ। 20 ਅਕਤੂਬਰ 1666 ਈ: ਨੂੰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ 'ਤੇ ਬਿਠਾ ਕੇ ਜੋਤੀ ਜੋਤ ਸਮਾ ਗਏ।

## ਵ੍ਹਾਈਟ ਹਾਊਸ ਦੇ ਵਿਦੇਸ਼ ਨੀਤੀ ਸਟਾਫ ਦੀ ਗਿਣਤੀ ਅੱਧੀ ਕਰਨੀ ਚਾਹੁੰਦੈ ਟਰੰਪ ਪ੍ਰਸ਼ਾਸਨ

**ਵਾਸ਼ਿੰਗਟਨ-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਰਾਸ਼ਟਰੀ ਸੁਰੱਖਿਆ ਸਲਾਹਕਾਰ ਰਾਬਰਟ ਓਬ੍ਰਾਇਨ ਨੇ ਕਿਹਾ ਹੈ ਕਿ ਉਹ ਵਿਦੇਸ਼ ਨੀਤੀ ਨਾਲ ਜੁੜੇ ਵ੍ਹਾਈਟ ਹਾਊਸ ਦੇ ਸਟਾਫ ਦੀ ਗਿਣਤੀ ਅੱਧੀ ਕਰ ਦੇਣਾ ਚਾਹੁੰਦੇ ਹਨ। ਓਬ੍ਰਾਇਨ ਨੇ ਵੀਰਵਾਰ ਨੂੰ ਇੱਥੇ ਕਿਹਾ ਕਿ ਵ੍ਹਾਈਟ ਹਾਊਸ 'ਚ ਵਿਦੇਸ਼ ਨੀਤੀ 'ਤੇ ਕੰਮ ਕਰਨ ਵਾਲਿਆਂ ਦੀ ਗਿਣਤੀ ਲੋੜ ਤੋਂ ਜ਼ਿਆਦਾ ਹੈ।

ਰਾਸ਼ਟਰੀ ਸੁਰੱਖਿਆ ਕੌਂਸਲ ਦੀ ਇਕ ਬੈਠਕ 'ਚ ਓਬ੍ਰਾਇਨ ਨੇ ਕਿਹਾ, ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਦੇ ਸ਼ਾਸਨਕਾਲ 'ਚ ਵਿਦੇਸ਼ ਮੰਤਰੀ ਕੌਂਡੋਲੀਜਾ ਰਾਈਸ ਦੀ ਅਗਵਾਈ 'ਚ ਸੌ ਮੁਲਾਜ਼ਮ ਸਨ। ਉਹ ਸਾਰੇ ਅਸਰਦਾਰ ਢੰਗ ਨਾਲ ਆਪਣੇ ਕੰਮ ਨੂੰ ਅੰਜਾਮ ਦਿੰਦੇ ਸਨ। ਓਬਾਮਾ ਸ਼ਾਸਨ 'ਚ ਵਿਦੇਸ਼ ਨੀਤੀ ਨਾਲ ਜੁੜੇ ਮੁਲਾਜ਼ਮਾਂ ਦੀ ਗਿਣਤੀ 'ਚ ਇਜ਼ਾਫਾ ਕਰ ਦਿੱਤਾ ਗਿਆ ਸੀ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist
Call: 1-209-398-2221








Parvinder Dhesi
Kulwant Sandhu
1471 B St., Unit B, Livingston, CA 95334

# ਮੋਦੀ ਦੀ ਦੋਗਲੀ ਬਿੱਲੀ ਪਖੰਡ ਦੇ ਥੈਲੇ 'ਚੋਂ ਬਾਹਰ



ਕੇ. ਸੀ. ਸੁਲੇਖ

27 ਸਤੰਬਰ ਨੂੰ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਵਿਚ ਭਾਸ਼ਣ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੋਰ ਗੱਲਾਂ ਤੋਂ ਇਲਾਵਾ ਜਿਸ ਜੁਮਲੇ ਨੂੰ ਬੜੇ ਜੋਸ਼ੀਲੇ ਅੰਦਾਜ਼ ਵਿਚ ਬੋਲਿਆ ਅਤੇ ਤਾੜੀਆਂ ਵੀ ਵਜਵਾਈਆਂ, ਉਹ ਜੁਮਲਾ ਸੀ 'ਅਸੀਂ ਦੁਨੀਆਂ ਨੂੰ ਯੁੱਧ ਨਹੀਂ ਬੁੱਧ ਦਿੱਤੇ ਹਨ।' ਮੋਦੀ ਜੀ ਭਾਸ਼ਣ ਕਲਾ ਵਿਚ ਮੰਨੇ ਹੋਏ ਮਾਹਿਰ ਕਲਾਕਾਰ ਹਨ। ਉਹਨਾਂ ਦੇ ਕੀਤੇ ਗਏ ਦਾਅਵਿਆਂ ਵਿਚ ਸੱਚ ਹੋਵੇ ਜਾਂ ਨਾ, ਦਮ ਹੋਵੇ ਜਾਂ ਨਾ, ਉਹਨਾਂ ਦੇ ਭਾਸ਼ਣ ਦੇ ਹਰ ਹਿੱਸੇ 'ਤੇ ਤਾੜੀਆਂ ਵੱਜਣਾ ਜ਼ਰੂਰੀ ਹੈ, ਖਾਸ ਕਰ ਜਦ ਉਹ ਆਪਣੇ ਸੰਗਠਨ ਦੀ ਇਕੱਤਰ ਕੀਤੀ ਭੀੜ ਵਿਚ ਬੋਲ ਰਹੇ ਹੋਣ। ਇਹ ਕਲਾ ਯਕੀਨੀ ਤੌਰ 'ਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਵਿਚ ਅੱਧੇ ਤੋਂ ਵੱਧ ਕੰਮ ਕਰ ਜਾਂਦੀ ਹੈ ਨੋਟਬੰਦੀ, ਜੀ. ਐਸ. ਟੀ., ਮਹਿੰਗਾਈ, ਮੰਦੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਜਿਹੇ ਜਾਨ ਕੱਢਣੇ ਮੁੱਦੇ ਜਾਣ ਢੱਠੇ ਖੂਹ ਵਿਚ। 2024 ਅਤੇ 2020 ਤੱਕ ਪੂਰਾ ਹੋਣ ਵਾਲੇ ਦਾਅਵਿਆਂ ਅਤੇ ਵਾਅਦਿਆਂ ਵੱਲ ਕੌਣ ਧਿਆਨ ਦਿੰਦਾ ਹੈ? ਇਹ ਉਹਨਾਂ ਭਾਸ਼ਣਾਂ ਅਤੇ ਰੇਡੀਓ ਪ੍ਰਸਾਰਣਾਂ ਵਿਚ 'ਮਨ ਕੀ ਬਾਤ' ਦਾ ਹੀ ਕਮਾਲ ਹੈ। ਜੇ ਅਸੀਂ ਉਹਨਾਂ ਦੇ ਬੁੱਧ ਬਾਰੇ ਕਹੇ ਗਏ ਜੁਮਲੇ (ਵਾਕ) ਵੱਲ ਹੀ ਨਜ਼ਰ ਮਾਰਦੇ ਹਾਂ ਕਿ ਉਹਨਾਂ ਨੇ ਦੁਨੀਆਂ ਨੂੰ ਯੁੱਧ ਨਹੀਂ ਬੁੱਧ ਦਿੱਤੇ ਹਨ ਤਾਂ ਇਸ ਤੋਂ ਵੱਡੀ ਗਲਤ ਬਿਆਨੀ ਕੀ ਹੋ ਸਕਦੀ ਹੈ? ਜੇ ਤੁਹਾਨੂੰ ਇਤਿਹਾਸ ਦਾ ਕੁਝ ਵੀ ਯਾਦ ਹੈ ਕਿ ਜਿਸ ਬੁੱਧ ਉਤੇ ਭਾਰਤੀ ਹੋਣ ਦੇ ਨਾਤੇ ਉਸ 'ਤੇ ਇੰਨਾ ਫਖਰ (ਮਾਣ) ਜ਼ਾਹਿਰ ਕਰਦੇ ਹੋ, ਉਸ ਦੇ ਬੁੱਧਇਜ਼ਮ (ਬੁੱਧ ਧਰਮ) ਨੂੰ ਭਾਰਤ ਦੇਸ਼ ਵਿਚੋਂ ਬਾਹਰ ਕੱਢਣ ਵਾਲਾ ਕੌਣ ਸੀ? ਪੁਰਾਣੇ ਇਤਿਹਾਸ ਨੂੰ ਵੀ ਛੱਡੋ, ਵਰਤਮਾਨ ਯੁੱਗ ਵਿਚ ਤੁਸੀਂ (ਸਵਰਨ ਜਾਤੀਆਂ) ਬੁੱਧ ਨੂੰ ਜਾਂ ਉਹਨਾਂ ਦੀਆਂ ਸਿੱਖਿਆਵਾਂ ਨੂੰ ਕਿੰਨਾ ਕੁ ਆਦਰ ਸਨਮਾਨ ਦਿੰਦੇ ਹੋ। ਉਹਨਾਂ ਤੇ ਅਮਲ ਕਰਨ ਦੀ ਗੱਲ ਤਾਂ ਬਹੁਤ ਦੂਰ ਦੀ ਹੈ? ਇੰਨੀ ਗੱਲ ਕਹਿਣ ਦੀ ਦੂਜੀਆਂ ਪਾਰਟੀਆਂ ਜ਼ਰੂਰਤ ਸਮਝਣ ਜਾਂ ਨਾ ਸਮਝਣ ਪਰ ਉਹਨਾਂ ਦੇ ਆਪਣੇ ਹੀ ਲੋਕ ਉਹਨਾਂ ਦੇ ਝੂਠ ਦਾ ਭਾਂਡਾ ਭੰਨਣ ਲਈ ਕਾਫੀ ਹਨ। ਇਸ ਬਾਰੇ ਸਭ ਤੋਂ ਵੱਧ ਕੜਕਵਾਂ ਰੱਦੇਅਮਲ ਖੁਦ ਉਹਨਾਂ ਦੇ ਪੂਜਨੀਕ ਗੁਰੂ ਮਹਾਰਾਸ਼ਟਰ ਦੇ ਸੰਭਾ ਜੀ ਭਿਡੇ ਦਾ ਆਇਆ ਹੈ, ਜਿਸ ਨੇ 'ਦਾ ਹਿੰਦੂ' (30 ਸਤੰਬਰ) ਵਿਚ ਮੋਟੇ ਅੱਖਰਾਂ 'ਚ ਛਪੀ ਇਕ ਖ਼ਬਰ ਵਿਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਬੁੱਧ ਬਾਰੇ ਦਿੱਤਾ ਬਿਆਨ ਬਿਲਕੁਲ ਗਲਤ ਹੈ। ਬੁੱਧ ਦੀਆਂ ਸਿੱਖਿਆਵਾਂ ਕਿਸੇ ਕੰਮ ਦੀਆਂ ਨਹੀਂ। ਭਾਰਤ ਵਾਸੀਆਂ ਨੂੰ ਜੇ ਕਿਸੇ ਮਹਾਂਪੁਰਸ਼ ਦੀਆਂ ਸਿੱਖਿਆਵਾਂ ਤੋਂ ਲਾਭ ਪੁੱਜਾ ਹੈ ਤਾਂ ਉਹ ਕੇਵਲ ਸ਼ਿਵਾ ਜੀ ਅਤੇ ਉਹਨਾਂ ਦੇ ਸਪੁੱਤਰ ਸੰਭਾ ਜੀ ਸਨ ਲੇਕਿਨ ਬੁੱਧ ਨਹੀਂ।' ਚੇਤੇ ਰਹੇ ਸੰਭਾ ਜੀ ਭਿਡੇ ਉਹੀ ਹਿੰਦੂ ਕੱਟੜਪੰਥੀ ਸੰਗਠਨ 'ਸ਼ਿਵਾ ਪ੍ਰਤਿਸ਼ਠਾਨ ਹਿੰਦੋਸਤਾਨ' ਦਾ ਸੰਸਥਾਪਕ ਪ੍ਰਧਾਨ ਹੈ, ਜਿਸ ਨੂੰ 1 ਜਨਵਰੀ 1918 ਨੂੰ ਵਾਪਰੇ ਭੀਮਾ ਕੋਰੇ ਗਾਓ ਕਾਂਡ ਦਾ ਮੁੱਖ ਛੜਯੰਤਰਕਾਰੀ ਮੰਨਿਆ ਜਾਂਦਾ ਹੈ ਅਤੇ ਜਿਸ ਦੇ ਖਿਲਾਫ ਦੰਗੇ ਕਰਾਉਣੇ-ਭੜਕਾਉਣ ਦੇ ਦੋਸ਼ ਵਿਚ ਮੁਕੱਦਮਾ ਵੀ ਦਰਜ ਕੀਤਾ ਗਿਆ ਸੀ ਪਰ ਮੋਦੀ ਜੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਫਡਨਵੀਸ ਦੇ ਗੁਰੂ ਹੋਣ ਕਾਰਨ ਪੁਲਿਸ ਉਸਦੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕੀ, ਕੋਈ ਮੁਢਲੀ ਜਾਂਚ ਪੜਤਾਲ ਵੀ ਨਹੀਂ। ਭਿਡੇ ਨੇ ਇਸੇ ਬਿਆਨ ਵਿਚ ਕਿਹਾ ਪ੍ਰਧਾਨ ਮੰਤਰੀ ਜੀ ਨੂੰ ਆਪਣੇ ਬਿਆਨ ਵਿਚ ਸੋਧ ਕਰਨੀ ਚਾਹੀਦੀ ਹੈ। ਕੁਝ ਬੋਧੀ ਅਤੇ ਦਲਿਤ ਸੰਸਥਾਵਾਂ ਨੇ ਵੀ ਇਸ ਬਿਆਨ 'ਤੇ ਇਤਰਾਜ਼ ਅਤੇ ਵਿਰੋਧਤਾ ਕੀਤੀ ਹੈ ਅਤੇ ਕਿਹਾ ਹੈ ਕਿ ਨਫ਼ਰਤ ਫੈਲਾ ਕੇ ਸਮਾਜ ਨੂੰ ਟੁਕੜਿਆਂ ਵਿਚ ਵੰਡਣ ਵਾਲੇ ਨੱਥੂ ਰਾਮ ਗੋਡਸੇ ਦੇ ਉਤਰਾਧਿਕਾਰੀ (ਸੰਤਾਨ) ਭਿਡੇ ਦੇ ਰੂਪ ਵਿਚ ਹਾਲੇ ਵੀ ਮੌਜੂਦ ਹਨ।

ਹੁਣ ਅਸਲ ਮੁੱਦੇ ਵੱਲ ਆਓ ਤਾਂ ਸਵਾਲ ਕੀਤਾ ਜਾ ਸਕਦਾ ਹੈ ਕਿ ਕੀ ਮੋਦੀ ਜੀ ਨੂੰ ਬੁੱਧ ਜਾਂ ਉਹਨਾਂ ਦੀਆਂ ਸਿੱਖਿਆਵਾਂ ਪ੍ਰਤੀ ਸੱਚਮੁੱਚ ਕੋਈ ਲਗਨ ਹੈ? ਕੋਈ ਆਸਥਾ ਹੈ? ਜਿਹੋ ਜਿਹੀ ਉਹ ਹਿੰਦੂ ਦੇਵੀ ਦੇਵਤਿਆਂ ਅਤੇ ਉਹਨਾਂ ਦੇ ਮੰਦਰਾਂ, ਮੱਠਾਂ, ਗੁਫਾਵਾਂ ਅਤੇ ਡੇਰਿਆਂ ਪ੍ਰਤੀ ਦਿਖਾਉਂਦੇ ਹਨ? ਕੀ ਕਦੇ ਬੁੱਧ ਨਾਲ ਸਬੰਧਤ ਲੂੰਬਿਨੀ, ਸਾਰਨਾਥ, ਕੁਸ਼ੀ ਨਗਰ, ਗਯਾ, ਸ਼ਰਾਵਸਤੀ ਜਿਹੇ ਸਥਾਨਾਂ, ਸਤੂਪਾਂ, ਵਿਹਾਰਾਂ ਸਮਾਰਕਾਂ ਦੀ ਯਾਤਰਾ ਲਈ ਉਸੇ ਸ਼ਰਧਾ ਅਤੇ ਜੋਸ਼ ਨਾਲ ਗਏ, ਜਿਸ ਸ਼ਰਧਾ ਅਤੇ ਬਾਜੇ-ਗਾਜੇ ਨਾਲ ਕੇਦਾਰ ਨਾਥ, ਬੱਦਰੀ ਨਾਥ, ਵਿਸ਼ਵਨਾਥ, ਸੋਮਨਾਥ, ਪਸ਼ੂਪਤੀ ਨਾਥ, ਗੰਗਾ ਘਾਟ ਤੇ ਜਾ ਕੇ ਘੰਟਿਆਂ ਬੱਧੀ ਪੂਜਾ ਅਰਚਨਾ ਕਰਕੇ ਆਰਤੀਆਂ ਉਤਾਰਦੇ ਹੋ? ਬੁੱਧ ਦਾ ਸੰਦੇਸ਼ ਤਾਂ ਸਾਰੇ ਸੰਸਾਰ ਵਿਚ ਸੁੱਖ ਸ਼ਾਂਤੀ, ਸਦਭਾਵਨਾ, ਆਪਸੀ ਪ੍ਰੇਮ ਪਿਆਰ, ਹਮਦਰਦੀ, ਭਰਾਤਰੀ ਭਾਵ ਦੀਆਂ ਭਾਵਨਾਵਾਂ ਨੂੰ ਉਤਸ਼ਾਹਿਤ ਕਰਨਾ ਸੀ। ਕੀ ਅੱਜ ਦੇ ਸੰਪਰਦਾਇਕ (ਫਿਰਕੂ) ਦੰਗੇ ਫਸਾਦ, ਕੜਵਾਹਟ, ਮਾਰ ਕੁਟਾਈ, ਲਿੰਚਿੰਗ ਬੁੱਧ ਦੇ ਸੰਦੇਸ਼/ ਸਿੱਖਿਆਵਾਂ ਦੇ ਅਨੁਰੂਪ ਹਨ? (ਇਹਨਾਂ ਨੂੰ ਕਰਵਾਉਣ ਵਾਲਾ ਕੌਣ ਹੈ?) ਬੁੱਧ ਦੀ ਸਿੱਖਿਆ ਸੰਸਾਰ ਵਿਚੋਂ ਅੰਧ ਵਿਸ਼ਵਾਸ, ਅਗਿਆਨਤਾ ਅਤੇ ਰੂੜੀਵਾਦ ਦੇ ਹਨੇਰੇ ਨੂੰ ਮਿਟਾ ਕੇ ਲੁਕਾਈ ਨੂੰ ਬੁੱਧਵਾਦ ਦੇ ਉਜਾਲੇ ਵਿਚ ਲਿਆਉਣਾ ਸੀ। ਮਿਥਿਹਾਸਕ ਕਥਾ ਕਹਾਣੀਆਂ, ਉਹਨਾਂ ਨੂੰ ਜਨਮ ਦੇਣ ਵਾਲੀਆਂ ਕਥਿਤ ਧਾਰਮਿਕ ਪੁਸਤਕਾਂ ਅਤੇ ਕਾਲਪਨਿਕ ਮਹਾਂਬਲੀਆਂ ਦੇ ਪੰਜੇ 'ਚੋਂ ਆਜ਼ਾਦ ਕਰਵਾ ਕੇ ਦੁਨੀਆਂ ਨੂੰ ਵਿਗਿਆਨਕ ਅਤੇ ਪ੍ਰਕਿਰਤਿਕ ਸਿਧਾਂਤਾਂ ਦੇ ਅਨੁਰੂਪ ਲਿਆ ਕੇ ਸਮਾਜ ਨੂੰ ਜਾਗਰੂਕ ਕਰਨਾ ਸੀ। ਕੀ ਇਹਨਾਂ ਸਿਧਾਂਤਾਂ ਦਾ ਰੱਤੀ ਭਰ ਵੀ ਪਾਲਣ ਹੋ ਰਿਹਾ ਹੈ? ਜਿੱਥੇ ਚੰਦਰਯਾਨ ਜਿਹੇ ਸੌ ਫੀਸਦੀ ਵਿਗਿਆਨਕ ਤਜਰਬੇ ਦੀ ਕਾਮਯਾਬੀ ਲਈ 'ਭਗਵਾਨ' ਬਾਲਾ ਜੀ ਦੀ ਪੂਜਾ ਪਾਠ ਕਰਕੇ ਆਸ਼ੀਰਵਾਦ ਲੈਣਾ ਜ਼ਰੂਰੀ ਸਮਝਿਆ ਜਾਂਦਾ ਹੈ ਅਤੇ ਜਿੱਥੇ ਇਸ ਮਿੱਥ ਦੀ ਪਿੱਠ ਠੋਕਣਾ ਸ਼ਾਨ ਦੀ ਗੱਲ ਸਮਝੀ ਜਾਂਦੀ ਹੈ ਕਿ ਸਾਡੇ ਪੂਰਵਜਾਂ (ਵਡਾਰੂਆਂ) ਕੋਲ ਬੰਦੇ ਦੇ ਕਟੇ ਹੋਏ ਸਿਰ ਦੀ ਜਗ੍ਹਾ ਪਸ਼ੂ ਦੇ ਸਿਰ ਨੂੰ ਜੋੜਨ ਦੀ ਦੈਵੀ (ਰੱਬੀ) ਵਿੱਦਿਆ ਮੌਜੂਦ ਸੀ। ਬੁੱਧ ਨੇ ਤਾਂ ਕਿਹਾ ਸੀ ਕਿ ਦੁਨੀਆਂ ਦੇ ਸਾਰੇ ਮਨੁੱਖ ਬਰਾਬਰ ਹਨ ਅਤੇ ਉਹਨਾਂ ਨਾਲ ਕਿਸੇ ਪ੍ਰਕਾਰ ਦਾ ਭਿੰਨ ਭੇਦ ਕਰਨਾ ਅਧਰਮ ਹੈ ਲੇਕਿਨ ਕੀ ਹਿੰਦੂ ਸਮਾਜ ਵਿਚ ਅਜਿਹਾ ਵਰਤਾਰਾ ਹੈ? ਜਿੱਥੇ ਬੁਲੰਦ ਸ਼ਹਿਰ ਵਿਚ 'ਅਛੂਤ' ਸਾਵਿੱਤਰੀ ਨੂੰ ਉਸਦੇ ਹੋਣ ਵਾਲੇ ਬੱਚੇ ਸਮੇਤ ਇਸ ਲਈ ਕੁੱਟ-ਕੁੱਟ ਕੇ ਮਾਰ ਦਿੱਤਾ ਕਿ ਉਸ ਨੇ ਇਕ ਠਕੁਰਾਇਣ ਦੀ ਬਾਲਟੀ ਨੂੰ ਹੱਥ ਲਾ ਕੇ ਕਿਉਂ ਭਿੱਟ ਦਿੱਤਾ- ਜਿੱਥੇ ਇਕ ਬੰਦੇ ਦੇ ਹੱਥ ਦੇ ਅੰਗੂਠੇ ਨੂੰ ਇਸ ਲਈ ਕੱਟ ਦਿੱਤਾ ਗਿਆ ਕਿ ਉਸ ਨੇ ਖੇਤ ਵਿਚ ਪਏ ਘੜੇ ਵਿਚੋਂ ਆਪ ਹੀ ਪਾਣੀ ਪੀ ਲਿਆ ਸੀ। ਇਕ ਦਲਿਤ ਲੜਕੇ ਨੂੰ ਗੁਜਰਾਤ ਵਿਚ ਇਕ ਖੂੰਜੇ 'ਚ ਬੈਠ ਕੇ ਗਰਬਾ ਨਾਚ ਦੇਖਣ ਦੀ ਸਜ਼ਾ ਮੌਤ ਦਿੱਤੀ ਜਾਂਦੀ ਹੈ। ਦਲਿਤ ਬੰਦੇ ਨੂੰ ਘਰ ਵਿਚ ਘੋੜਾ ਰੱਖਣ ਦੀ ਸਜ਼ਾ ਵੀ ਮੌਤ ਨਾ ਇਕ ਦਲਿਤ ਲੜਕੀ ਰਾਜਪੂਤਾਂ ਦੇ ਸਾਹਮਣੇ ਸਾਈਕਲ 'ਤੇ ਚੜ੍ਹ ਸਕਦੀ ਹੈ। ਰੋਹਿਤ ਵੈਮੂਲਾ ਦੀ ਮੌਤ ਅਤੇ ਊਨਾ (ਗੁਜਰਾਤ) ਵਿਚ ਦਲਿਤ ਲੜਕਿਆਂ ਦੀ ਗਾਂ ਹੱਤਿਆ ਦੇ ਸ਼ੱਕ 'ਤੇ ਬੇਰਹਿਮੀ ਨਾਲ ਮਾਰ ਇੰਨੀ ਪੁਰਾਣੀ ਨਹੀਂ, ਜਿਸ ਨੂੰ ਕੋਈ ਭੁੱਲ ਸਕਦਾ ਹੈ। ਇਸ ਹਕੂਮਤ ਵਿਚ ਅੱਜ ਵੀ ਦਲਿਤ ਲੋਕਾਂ 'ਤੇ ਕਿਸੇ ਨਾ ਕਿਸੇ ਸ਼ਕਲ ਵਿਚ ਅੱਤਿਆਚਾਰਾਂ, ਸ਼ੋਸ਼ਣ ਅਤੇ ਨਪੀੜਨ ਦਾ ਸਿਲਸਿਲਾ ਉਵੇਂ ਜਿਵੇਂ ਚੱਲ ਰਿਹਾ ਹੈ, ਜਿਸ 'ਤੇ ਕੋਈ ਰੋਕ ਨਹੀਂ ਕਿਉਂਕਿ ਬੁੱਧ ਦੇ ਨਾਮ ਨਾਲ ਕੀ ਰਿਸ਼ਤਾ ਰਹਿ ਜਾਂਦਾ ਹੈ? ਭਲਾ ਹੋਵੇ ਸੁਪਰੀਮ ਕੋਰਟ ਦੇ ਨਵੇਂ ਬੈਂਚ ਦਾ ਜਿਸ ਨੇ ਆਪਣੇ ਹੀ ਪੁਰਾਣੇ ਬੈਂਚ ਦੇ ਗਲਤ ਫੈਸਲੇ ਨੂੰ ਪਲਟ ਕੇ ਦਲਿਤ ਅੱਤਿਆਚਾਰ ਕਾਨੂੰਨ ਦੀ ਪੁਰਾਣੀ ਵਿਵਸਥਾ ਨੂੰ ਮੁੜ ਬਹਾਲ ਕਰਕੇ ਇਨਸਾਫ ਪ੍ਰਣਾਲੀ ਦੀ ਲਾਜ ਰੱਖ ਲਈ ਹੈ।

> **ਸੰਯੁਕਤ ਰਾਸ਼ਟਰ ਦੇ ਮੰਚ ਤੋਂ ਦਿੱਤੇ ਗਏ ਭਾਸ਼ਣ ਵਿਚ ਜੋ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਹੈ ਅਤੇ ਧਿਆਨ ਯੋਗ ਵੀ ਹੈ, ਉਹ ਇਹ ਹੈ ਕਿ ਪ੍ਰਧਾਨ ਮੰਤਰੀ ਜੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਜ਼ਹਿਰੀਲੇ ਬਿਆਨ ਦਾ ਠੋਕਵਾਂ ਜਵਾਬ ਦੇਣ ਲਈ ਬੁੱਧ ਦਾ ਹੀ ਨਾਮ ਕਿਉਂ ਚੁਣਿਆ? ਰਾਮ, ਕ੍ਰਿਸ਼ਨ ਜਾਂ ਹਨੂਮਾਨ ਦਾ ਕਿਉਂ ਨਹੀਂ? ਰਾਮ ਨੇ ਆਪਣੇ ਅਤੀ ਸ਼ਕਤੀਸ਼ਾਲੀ ਅਸੁਰ ਦੁਸ਼ਮਣ ਰਾਜਾ ਰਾਵਣ ਨੂੰ ਭਿਅੰਕਰ ਯੁੱਧ ਵਿਚ ਮਾਰ ਦਿੱਤਾ ਸੀ, 'ਭਗਵਾਨ' ਕ੍ਰਿਸ਼ਨ ਦੇ ਸੁਦਰਸ਼ਨ ਚੱਕਰ ਵਿਚ ਪਾਪੀਆਂ ਦੇ ਨਾਸ਼ ਕਰਨ ਦੀ ਦੈਵੀ (ਰੱਬੀ) ਸ਼ਕਤੀ ਹੈ ਅਤੇ ਹਨੂਮਾਨ ਜਿਸ ਨੇ ਆਪਣੀ ਪੂੰਛ ਦੀ ਅੱਗ ਨਾਲ ਸਾਰੀ ਲੰਕਾ ਨੂੰ ਫੂਕ ਦਿੱਤਾ ਸੀ।**

ਸੰਯੁਕਤ ਰਾਸ਼ਟਰ ਦੇ ਮੰਚ ਤੋਂ ਦਿੱਤੇ ਗਏ ਭਾਸ਼ਣ ਵਿਚ ਜੋ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਹੈ ਅਤੇ ਧਿਆਨ ਯੋਗ ਵੀ ਹੈ, ਉਹ ਇਹ ਹੈ ਕਿ ਪ੍ਰਧਾਨ ਮੰਤਰੀ ਜੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਜ਼ਹਿਰੀਲੇ ਬਿਆਨ ਦਾ ਠੋਕਵਾਂ ਜਵਾਬ ਦੇਣ ਲਈ ਬੁੱਧ ਦਾ ਹੀ ਨਾਮ ਕਿਉਂ ਚੁਣਿਆ? ਰਾਮ, ਕ੍ਰਿਸ਼ਨ ਜਾਂ ਹਨੂਮਾਨ ਦਾ ਕਿਉਂ ਨਹੀਂ? ਰਾਮ ਨੇ ਆਪਣੇ ਅਤੀ ਸ਼ਕਤੀਸ਼ਾਲੀ ਅਸੁਰ ਦੁਸ਼ਮਣ ਰਾਜਾ ਰਾਵਣ ਨੂੰ ਭਿਅੰਕਰ ਯੁੱਧ ਵਿਚ ਮਾਰ ਦਿੱਤਾ ਸੀ, 'ਭਗਵਾਨ' ਕ੍ਰਿਸ਼ਨ ਦੇ ਸੁਦਰਸ਼ਨ ਚੱਕਰ ਵਿਚ ਪਾਪੀਆਂ ਦੇ ਨਾਸ਼ ਕਰਨ ਦੀ ਦੈਵੀ (ਰੱਬੀ) ਸ਼ਕਤੀ ਹੈ ਅਤੇ ਹਨੂਮਾਨ ਜਿਸ ਨੇ ਆਪਣੀ ਪੂੰਛ ਦੀ ਅੱਗ ਨਾਲ ਸਾਰੀ ਲੰਕਾ ਨੂੰ ਫੂਕ ਦਿੱਤਾ ਸੀ। ਇਸ ਤੋਂ ਵੱਡੀ ਹੀਪੋਕ੍ਰੇਸੀ ਯਾਨਿ ਦੋ ਗੱਲਾਂ ਪਨ-ਦੰਭ, ਹੋਰ ਕੀ ਹੋ ਸਕਦੀ ਹੈ?

ਇਹੀ ਤਮਾਸ਼ਾ ਮਹਾਤਮਾ ਗਾਂਧੀ ਦੇ ਨਾਮ 'ਤੇ ਕੀਤਾ ਜਾ ਰਿਹਾ ਹੈ। ਇਕ ਪਾਸੇ ਉਹਨਾਂ ਦੀ 150ਵੀਂ ਜੈਅੰਤੀ ਸਾਰੇ ਦੇਸ਼ ਵਿਚ ਸਰਕਾਰੀ ਪੱਧਰ 'ਤੇ ਪੂਰੇ ਧੂੰਮ ਧੜੱਕੇ ਨਾਲ ਮਨਾਈ ਜਾ ਰਹੀ ਹੈ, ਰਾਜਘਾਟ ਤੇ ਜਾ ਕੇ ਅਤੇ ਉਹਨਾਂ ਦੇ ਪਿਆਰੇ ਭਜਨ (ਰਾਘਵ ਰਘੁਪਤੀ ਰਾਜਾ ਰਾਮ' ਗਾਕੇ ਉਹਨਾਂ ਨੂੰ ਸ਼ਰਧਾ ਭੇਟ ਕੀਤੀ ਜਾ ਰਹੀ ਹੈ ਅਤੇ ਪ੍ਰਧਾਨ ਮੰਤਰੀ ਸਾਬਰਮਤੀ ਆਸ਼ਰਮ (ਗੁਜਰਾਤ) ਜਾ ਕੇ ਉਹਨਾਂ ਦੀ ਮੂਰਤੀ ਅੱਗੇ ਝੁਕ-ਝੁਕ ਕੇ ਨਮਨ ਕਰਦੇ ਹਨ। ਦੂਜੇ ਪਾਸੇ ਉਹਨਾਂ ਨੂੰ ਗੋਲੀਆਂ ਨਾਲ ਭੁੰਨਣ ਵਾਲਿਆਂ ਅਤੇ ਉਹਨਾਂ ਦੇ ਸਮਰਥਕਾਂ/ ਪ੍ਰਸ਼ੰਸਕਾਂ ਨੂੰ ਸਰਕਾਰੀ ਸਨਮਾਨਾਂ ਨਾਲ ਨਿਵਾਜਿਆ ਜਾ ਰਿਹਾ ਹੈ। ਇਸ ਦੰਭ/ਦੋਗਲੇਪਣ ਨੂੰ ਟ੍ਰਿਬਿਊਨ (2 ਅਕਤੂਬਰ) ਨੇ ਆਪਣੇ ਸੰਪਾਦਕੀ ਲੇਖ

(ਗਾਂਧੀ ਤੋਂ ਮਿੱਠਾ ਮਿੱਠਾ) ਵਿਚ ਇਉਂ ਨੰਗਾ ਕੀਤਾ ਹੈ: ਜਿਹੜੀ ਪਾਰਟੀ ਪ੍ਰੱਗਿਆ ਠਾਕੁਰ ਨੂੰ ਆਪਣਾ ਮੈਂਬਰ ਪਾਰਲੀਮੈਂਟ ਚੁਣਦੀ ਹੈ, ਉਸ ਨੂੰ ਗਾਂਧੀ ਜੈਅੰਤੀ ਮਨਾਉਣ ਦਾ ਕੋਈ ਹੱਕ ਨਹੀਂ ਹੈ। ਪ੍ਰੱਗਿਆ ਐਲਾਨੀਆ ਗਾਂਧੀ ਜੀ ਦੇ ਕਾਤਲ ਨਾਥੂ ਰਾਮ ਗੋਡਸੇ ਦੀ ਮਹਿਮਾ ਗਾਉਂਦੀ ਹੈ। ਇਸ ਗੁਣ ਗਾਉਣ ਵਿਚ ਉਹ ਇਕੱਲੀ ਨਹੀਂ, ਇਸ ਪਾਰਟੀ ਵਿਚ ਭਗਵਾਂ ਚੋਲਾ ਪਹਿਨੇ ਹੋਰ ਅਨੇਕ ਲੋਕ ਹਨ, ਜੋ ਸਾਲਾਂ ਤੋਂ ਉਸ ਕਾਤਲ ਨੂੰ ਦੇਵਤਾ ਸਮਾਨ ਮੰਨ ਕੇ ਉਸਦੀ ਉਸਤੱਤ ਕਰ ਰਹੇ ਹਨ, ਜਿਸ ਨਾਲ ਕੇਵਲ ਨਫ਼ਰਤ ਦੀ ਰਾਜਨੀਤੀ ਨੂੰ ਹੀ ਹੱਲਾਸ਼ੇਰੀ ਮਿਲਦੀ ਹੈ, ਜੋ ਗਾਂਧੀ ਜੀ ਦੇ ਆਦਰਸ਼ਾਂ ਦੇ ਬਿਲਕੁਲ ਉਲਟ ਹੈ। ਪ੍ਰੱਗਿਆ ਠਾਕੁਰ ਦਾ ਹਾਲੇ ਤੱਕ ਐਮ. ਪੀ. ਬਣੇ ਰਹਿਣਾ ਅਤੇ ਨਾਲ-ਨਾਲ ਗਾਂਧੀ ਪੂਜਾ ਵੀ ਕਰਨਾ ਐਨ. ਡੀ. ਏ. (ਭਾਜਪਾ ਗੱਠਜੋੜ) ਦੇ ਮੱਥੇ 'ਤੇ ਲੱਗਿਆ ਕੋਝਾ ਕਲੰਕ ਹੈ।

ਇਸੇ ਤਰ੍ਹਾਂ ਪਵਿੱਤਰ ਗ੍ਰੰਥ ਕਹੇ ਜਾਣ ਵਾਲੇ ਭਾਰਤ ਦੇ ਸੰਵਿਧਾਨ ਨਾਲ ਕੀ ਹੋ ਰਿਹਾ ਹੈ, ਮੰਤਰ ਬਣਨ ਉਪਰੰਤ ਉਸ ਦੀਆਂ ਹੀ ਧੱਜੀਆਂ ਉਡਾਉਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕੀਤੀ ਜਾ ਰਹੀ। ਸੰਵਿਧਾਨਕ ਮਸ਼ੀਨਰੀ ਦਾ ਕਿਹੜਾ ਅਜਿਹਾ ਪੁਰਜ਼ਾ ਹੈ, ਜਿਸ ਦੀ ਠੋਕਾ ਠਾਕੀ ਨਾ ਕੀਤੀ ਗਈ ਹੋਵੇ, ਤਾਂ ਜੋ ਇਹ ਕਾਨੂੰਨੀ ਦਸਤਾਵੇਜ਼ ਉਹਨਾਂ ਦੇ ਏਜੰਡੇ ਅਨੁਸਾਰ ਕੰਮ ਕਰ ਸਕੇ? ਕਹਿੰਦੇ ਨੇ ਕਿ ਚਲਦੀ ਦਾ ਨਾਂ ਗੱਡੀ ਹੈ ਪਰ ਮਿਲਾਵਟੀ ਫਿਊਲ (ਡੀਜ਼ਲ ਕੋਇਲਾ) ਨਾਲ ਇਹ ਗੱਡੀ ਵੀ ਕਿੰਨਾ ਕੁ ਚਿਰ ਚੱਲ ਸਕੇਗੀ?




# ਧੰਮ-ਚੱਕਰ ਪਰਿਵਰਤਨ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ





**ਜਲੰਧਰ (ਬਿਊਰੋ)–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਵਲੋਂ ਧੰਮ-ਚੱਕਰ ਪਰਿਵਰਤਨ ਦਿਵਸ 14 ਅਕਤੂਬਰ 2019 ਨੂੰ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਨਾਲ ਮਨਾਇਆ ਗਿਆ. ਸਮਾਗਮ ਪੰਚਸ਼ੀਲ ਦਾ ਝੰਡਾ ਲਹਿਰਾਉਣ ਦੀ ਰਸਮ ਨਾਲ ਸ਼ੁਰੂ ਹੋਇਆ. ਜਸਵਿੰਦਰ ਵ- ਰਿਆਣਾ ਨੇ ਤ੍ਰਿਸ਼ਰਣ - ਪਚਸ਼ੀਲ ਗ੍ਰਹਿਣ ਕਰਾਇਆ. ਬਲਦੇਵ ਰਾਜ ਭਾਰਦਵਾਜ ਅਤੇ ਸੋਹਣ ਲਾਲ ਡੀ ਪੀ ਆਈ ਕਾਲਿਜਾਂ (ਸੇਵਾਮੁਕਤ) ਨੇ ਭਿਕਸ਼ੂ ਡਾ.ਸਵਰੁਪਾਨੰਦ ਅਤੇ ਪ੍ਰੋਫੈਸਰ ਤਾਰਾ ਰਾਮ ਜੀ ਬਾਰੇ ਸ਼ਰੋਤਿਆਂ ਨੂੰ ਜਾਣੂ ਕਰਾਇਆ. ਭਿਕਸ਼ੂ ਡਾ.ਸਵਰੁਪਾਨੰਦ ਲਖਨਊ (ਉੱਤਰਪ੍ਰਦੇਸ਼) ਤੋਂ ਮੁਖ ਮਹਿਮਾਨ ਵਜੋਂ ਸਮਾਗਮ ਵਿਚ ਸ਼ਾਮਲ ਹੋਏ. ਉਨ੍ਹਾਂ ਨੇ ਆਪਣੇ ਪ੍ਰਵਚਨ ਵਿਚ ਪੰਚਸ਼ੀਲ ਦਾ ਅਰਥ ਬੜੇ ਵਿਸਥਾਰ ਨਾਲ ਸਮਝਾਇਆ. ਉਨ੍ਹਾਂ ਨੇ ਕਿਹਾ ਕਿ ਬੁੱਧ ਦਾ ਧੰਮ ਹੀ ਇਨਸਾਨੀਅਤ ਦਾ ਭਲਾ ਕਰ ਸਕਦਾ ਹੈ ਇਸ ਕਰਕੇ ਸਭ ਨੂੰ ਬੁੱਧ ਦੇ ਰਸਤੇ ਤੇ ਚਲਣਾ ਚਾਹੀਦਾ ਹੈ. ਮੁੱਖ ਬੁਲਾਰੇ ਪ੍ਰੋਫੈਸਰ ਤਾਰਾ ਰਾਮ ਨੇ ਆਪਣੇ ਭਾਸ਼ਣ ਚ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ 1935 ਵਿਚ ਐਲਾਨ ਕਰ ਦਿੱਤਾ ਸੀ ਕਿ "ਮੈਂ ਹਿੰਦੂ ਧਰਮ ਵਿਚ ਪੈਦਾ ਹੋਇਆ, ਇਹ ਮੇਰੇ ਵੱਸ ਦੀ ਗੱਲ ਨਹੀਂ ਸੀ ਪਰ ਮੈਂ ਹਿੰਦੂ ਧਰਮ ਚ ਮਰਾਂਗਾ ਨਹੀਂ।"

ਇਸ ਕਰਕੇ ਉਨ੍ਹਾਂ ਨੇ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਆਪ ਬੁੱਧ ਧੰਮ ਗ੍ਰਹਿਣ ਕੀਤਾ ਅਤੇ ਆਪਣੇ ਲੱਖਾਂ ਪੈਰੋਕਾਰਾਂ ਨੂੰ ਬੁੱਧ ਧੰਮ ਦੀ ਦੀਕਸ਼ਾ ਦਿੱਤੀ. ਬਾਬਸਾਹਿਬ ਨੇ ਬੁੱਧ ਧੰਮ ਗ੍ਰਹਿਣ ਕਰਕੇ ਕਿਹਾ ਕਿ ਮੇਰਾ ਹੁਣ ਨਵਾਂ ਜਨਮ ਹੋਇਆ ਹੈ ਤੇ ਮੈਂ ਨਰਕ ਤੋਂ ਛੁੱਟ ਗਿਆ ਹਾਂ. ਪ੍ਰੋਫੈਸਰ ਤਾਰਾ ਰਾਮ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੇ ਭਾਰਤ ਨੂੰ ਬੁੱਧਮਈ ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨਾ ਚਾਹੀਦਾ ਹੈ. ਪ੍ਰਸਿੱਧ ਅੰਬੇਡਕਰੀ ਅਤੇ ਸੰਪਾਦਕ ਭੀਮ ਪਤ੍ਰਿਕਾ, ਸ਼੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਬੁੱਧ ਧੰਮ ਇਕ ਵਿਗਿਆਨਿਕ ਧਰਮ ਹੈ ਜੋ ਕਿਸੇ ਅੰਧ ਵਿਸ਼ਵਾਸ਼ ਨੂੰ ਨਹੀਂ ਮੰਨਦਾ. ਬਾਲੀ ਜੀ ਨੇ ਆਪਣੇ ਭਾਸ਼ਣ ਵਿਚ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਯੁਕਤ ਰਾਸ਼ਟਰ ਮਹਾਸਭਾ (UNGA ) ਵਿਚ ਕਿਹਾ ਕਿ ਭਾਰਤ ਨੇ ਦੁਨੀਆ ਨੂੰ ਯੁੱਧ ਨਹੀਂ, ਬੁੱਧ ਦਿੱਤਾ ਹੈ ਪਰ ਭਾਰਤ ਵਿਚ ਮੋਦੀ ਦੇ ਰਾਜ ਵਿਚ ਔਰਤਾਂ ਨੂੰ ਜਿੰਦਾ ਜਲਾਇਆ ਜਾ ਰਿਹਾ ਹੈ.ਅਤੇ ਉਨ੍ਹਾਂ ਦੀ ਪਤ ਲੁੱਟ ਹੋ ਰਹੀ ਹੈ, ਘੱਟ ਗਿਣਤੀਆਂ, ਦਲਿਤਾਂ ਤੇ ਜ਼ੁਲਮ ਢਾਏ ਜਾ ਰਹੇ ਹਨ. ਇਹ ਸਾਰਾ ਜ਼ੁਲਮ ਜਬਰ ਬੁੱਧ ਦੀ ਵਿਚਾਰਧਾਰਾ ਨੂੰ ਅਪਣਾ ਕੇ ਹੀ ਦ ਦੂਰ ਹੋ ਸਕਦਾ ਹੈ. ਆਪਣੇ ਭਾਸ਼ਣ ਦੇ ਅੰਤ ਚ ਬਾਲੀ ਜੀ ਨੇ ਸਮਾਗਮ ਵਿਚ ਆਉਣ ਵਾਸਤੇ ਸਾਰਿਆਂ ਦਾ ਧੰਨਵਾਦ ਵੀ ਕੀਤਾ. ਅੰਬੇਡਕਰ ਮਿਸ਼ਨ ਵਿਚ ਯੋਗਦਾਨ ਪਾਉਣ ਖਾਤਿਰ ਸੋਸਾਇਟੀ ਵਲੋਂ ਸ਼੍ਰੀ ਦਰਸ਼ਨ ਬੋਧੀ ਦਾ ਮਰਨ ਉਪਰੰਤ ਸਨਮਾਨ ਕੀਤਾ ਗਿਆ ਅਤੇ ਇਹ ਸਨਮਾਨ ਉਨ੍ਹਾਂ ਦੀ ਪਤਨੀ ਸ਼੍ਰੀ ਸੁਰਿੰਦਰ ਕੌਰ ਨੂੰ ਦਿੱਤਾ ਗਿਆ। ਸਕੂਲਾਂ ਅਤੇ ਕਾਲਿਜਾਂ ਦੇ ਵਿਦਿਆਰਥੀਆਂ ਦੇ ਪੈਂਟਿੰਗ, ਕਵੀਤਾਵਾਂ/ਗੀਤ-ਗਾਇਨ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ. ਇਨ੍ਹਾਂ ਮੁਕਾਬਲਿਆਂ ਵਿਚ ਪੂਰਨ ਇੰਟਰਨੈਸ਼ਨਲ ਪਬਲਿਕ ਸਕੂਲ ਸਿਦਧਾਰਥ ਨਗਰ, ਗੁਰੂ ਰਵਿਦਾਸ ਪਬਲਿਕ ਸਕੂਲ ਹਦਿਆਬਾਦ ਫਗਵਾੜਾ, ਡਾ ਬੀ ਆਰ ਮੈਮੋਰੀਅਲ ਸਕੂਲ ਬੁਲੰਦਪੁਰ, ਸਤਿਗੁਰੂ ਰਵਿਦਾਸ ਪਬਲਿਕ ਸਕੂਲ ਜੈਤੇਵਾਲੀ, ਗੌਰਮੈਂਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਅਬਾਦਪੁਰਾ, ਬੋਧਿਸਤਾਵ ਡਾ. ਬੀ.ਆਰ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਫੂਲਪੁਰ, ਡਾ. ਬੀ.ਆਰ. ਅੰਬੇਡਕਰ ਮੈਮੋਰੀਅਲ ਸਕੂਲ ਨਵਾਂਸ਼ਹਿਰ, ਅਤੇ ਡਾ. ਬੀ.ਆਰ. ਅੰਬੇਡਕਰ ਪਬਲਿਕ ਸਕੂਲ ਸੂੰਢ ਨੇ ਭਾਗ ਲਿਆ. ਮਾਸਟਰ ਚਮਨ ਦਾਸ ਸਾਂਪਲਾ ਅਤੇ ਐਡਵੋਕੇਟ ਪਰਮਿੰਦਰ ਸਿੰਘ ਪੈਂਟਿੰਗ ਵਿਭਾਗ ਦੇ ਇੰਚਾਰਜ ਸਨ. ਮੈਡਮ ਰਜਨੀ ਮਾਹੀ, ਰਾਜ ਕੁਮਾਰ, ਪਰਮਦਾਸ ਹੀਰ , ਜਗਤਾਰ ਵਰਿਆਣਵੀ, ਦਲਜੀਤ ਹੰਸ, ਜੀਵਨ ਸਹੋਤਾ, ਇੰਜੀਨਿਅਰ ਜਸਵੰਤ ਰਾਏ, ਐਡਵੋਕੇਟ ਹਰਭਜਨ ਸਾਂਪਲਾ ਨੇ ਜੱਜਾਂ ਦੀ ਭੂਮਿਕਾ ਨਿਭਾਈ. ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿਤੇ ਗਏ. ਮੁਕਾਬਲਿਆਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਭਾਗੀਦਾਰੀ ਸਰਟੀਫਿਕੇਟ ਵੀ ਦਿਤੇ ਗਏ।

ਸਮਾਗਮ ਦੀ ਪ੍ਰਧਾਨਗੀ ਸੋਸਾਇਟੀ ਦੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਕੀਤੀ ਅਤੇ ਮੰਚ ਸੰਚਾਲਨ ਐਡਵੋਕੇਟ ਕੁਲਦੀਪ ਭੱਟੀ ਅਤੇ ਚਰਨ ਦਾਸ ਸੰਧੂ ਨੇ ਬਾਖੂਬੀ ਨਿਭਾਇਆ. ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਆਰ ਸੀ ਸੰਗਰ, ਡਾ ਜੀ ਸੀ ਕੌਲ, ਡਾ ਰਾਮ ਲਾਲ ਜੱਸੀ, ਵਰਿੰਦਰ ਕੁਮਾਰ, ਤਿਲਕ ਰਾਜ, ਰਮੇਸ਼ ਚੰਦਰ ਗਰੁੜ ,ਰਾਮ ਲਾਲ ਦਾਸ , ਚੇਨ ਕੁਮਾਰ ਹੋਸ਼ਿਆਰਪੁਰ, ਡਾ. ਬਲਬਿੰਦਰ ਕੁਮਾਰ, ਧਨਪਾਤ ਰਤੂ, ਬਲਵੰਤ ਕਟਾਰੀਆ ਯੂਕੇ, ਡਾ ਰਵੀਕਾਂਤ ਪਾਲ , ਡੀ ਪੀ ਭਗਤ, ਐਮ ਐਲ ਡੋਗਰਾ, ਰੂਪ ਲਾਲ, ਬੀ ਸੀ ਗਿੱਲ, ਮਲਕੀਤ ਸਿੰਘ, ਸਤ ਪਾਲ ਸੁਮਨ, ਦਿਲਬਾਗ ਸਿੰਘ ਨਵਾਂਸ਼ਹਿਰ ਅਤੇ ਚਮਨ ਲਾਲ ਵਿਸ਼ੇਸ਼ ਤੌਰ ਤੇ ਸਮਾਗਮ ਵਿਚ ਹਾਜਰ ਹੋਏ।

# ਪੰਜਾਬ 'ਚ ਅਕਾਲੀ ਦਲ ਤੇ ਭਾਜਪਾ ਦਾ ਰਿਸ਼ਤਾ ਤਿੜਕਣ ਦੇ ਆਸਾਰ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਰਮਿਆਨ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਵਧ ਰਹੀ ਕੁੜੱਤਣ ਦਾ ਪੰਜਾਬ ਵਿੱਚ ਚੱਲੇ ਆ ਰਹੇ ਦੋ ਦਹਾਕੇ ਤੋਂ ਪੁਰਾਣੇ ਸਿਆਸੀ ਗੱਠਜੋੜ 'ਤੇ ਸਪੱਸ਼ਟ ਪ੍ਰਭਾਵ ਪੈਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਜਪਾ ਹਲਕਿਆਂ ਦਾ ਦੱਸਣਾ ਹੈ ਕਿ ਅਕਾਲੀ ਦਲ ਵੱਲੋਂ ਹਰਿਆਣਾ ਵਿੱਚ ਪੁਰਾਣੇ ਮਿੱਤਰ ਚੌਟਾਲਾ ਪਰਿਵਾਰ ਦੀ ਅਗਵਾਈ ਵਾਲੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਨਾਲ ਕੀਤੇ ਸਮਝੌਤੇ ਤੋਂ ਬਾਅਦ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਅਕਾਲੀਆਂ ਦੀਆਂ ਗਤੀਵਿਧੀਆਂ ਨੂੰ ਨੇੜਿਓਂ ਘੋਖਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਵੱਲੋਂ ਭਾਵੇਂ ਗੱਲੀਂ ਬਾਤੀਂ ਸਭ ਅੱਛਾ ਹੋਣ ਦੇ ਸੰਕੇਤ ਦਿੱਤੇ ਜਾਂਦੇ ਹਨ ਪਰ ਦੋਵਾਂ ਪਾਰਟੀਆਂ ਦੇ ਆਗੂ ਦੱਬਵੀਂ ਜ਼ੁਬਾਨ ਨਾਲ ਮੰਨਦੇ ਹਨ ਕਿ ਗੱਠਜੋੜ ਪਾਰਟੀਆਂ ਦਰਮਿਆਨ ਸਭ ਤੋਂ ਜ਼ਿਆਦਾ ਕੁੜੱਤਣ ਭਰਿਆ ਦੌਰ ਚੱਲ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖ- ਬੀਰ ਸਿੰਘ ਬਾਦਲ ਨੇ ਹਰਿਆਣਾ ਵਿੱਚ ਚੋਣ ਪ੍ਰਚਾਰ ਦੌਰਾਨ ਭਾਜਪਾ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ ਹਨ ਤੇ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਵੀ ਕੁਝ ਇਸੇ ਤਰ੍ਹਾਂ ਦੀ ਭਾਸ਼ਾ ਵਿੱਚ ਜਵਾਬ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਅਕਾਲੀ ਦਲ ਦੇ ਆਗੂ ਮੰਨਦੇ ਹਨ ਕਿ ਹਰਿਆਣਾ ਵਿੱਚ ਭਾਵੇਂ ਪਾਰਟੀ ਨੇ ਵਿਧਾਨ ਸਭਾ ਚੋਣਾਂ ਲੜਨ ਦਾ ਫ਼ੈਸਲਾ ਕਰ ਲਿਆ ਪਰ ਸਥਿਤੀ ਕੋਈ ਜ਼ਿਆਦਾ ਸੁਖਾਵੀਂ ਨਹੀਂ ਹੈ। ਪਾਰਟੀ ਨੇ ਆਪਣੇ ਹਿੱਸੇ ਆਈਆਂ 5 ਵਿੱਚੋਂ 3 ਸੀਟਾਂ 'ਤੇ ਹੀ ਉਮੀਦਵਾਰ ਖੜ੍ਹੇ ਕੀਤੇ ਹਨ ਜਦੋਂਕਿ ਦੋ ਸੀਟਾਂ 'ਤੇ ਤਾਂ ਆਜ਼ਾਦ ਉਮੀਦਵਾਰਾਂ ਦੀ ਹਮਾਇਤ ਕਰ ਕੇ ਹੀ ਗੁਜ਼ਾਰਾ ਕੀਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਵਿਸ਼ਵ ਵਿਦਿਆਰਥੀ ਦਿਵਸ - 15 ਅਕਤੂਬਰ



ਗੋਬਿੰਦਰ ਸਿੰਘ 'ਬਰੜ੍ਹਵਾਲ'
bardwal.gobinder@gmail.com

ਕਾਲਾ ਰੰਗ ਭਾਵਨਾਤਮਕ ਤੌਰ 'ਤੇ ਮਾੜਾ ਮੰਨਿਆ ਜਾਂਦਾ ਹੈ ਪਰੰਤੂ ਜਮਾਤ ਵਿੱਚ ਲੱਗਾ 'ਕਾਲਾ ਬੋਰਡ' ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਚਮਕਾਉਂਦਾ ਹੈ ਅਤੇ ਉਹਨਾਂ ਦੇ ਸੁਪਨਿਆਂ ਨੂੰ ਖੰਭ ਦਿੰਦਾ ਹੈ। ਸੰਯੁਕਤ ਰਾਸ਼ਟਰ ਸੰਘ ਨੇ ਸਾਲ 2010 ਵਿੱਚ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਜਨਮ ਮਿਤੀ 15 ਅਕਤੂਬਰ ਨੂੰ ਵਿਸ਼ਵ ਵਿਦਿਆਰਥੀ ਦਿਵਸ ਘੋਸ਼ਿਤ ਕੀਤਾ। ਡਾ. ਕਲਾਮ ਹਮੇਸ਼ਾ ਵਿਦਿਆਰਥੀਆਂ ਨਾਲ ਜੁੜੇ ਰਹੇ ਅਤੇ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸੋਮਾ ਬਣੇ ਅਤੇ ਡਾ. ਕਲਾਮ ਦੇ ਅਨੁਸਾਰ ਵਿਦਿਆਰਥੀਆਂ ਦਾ ਜੀਵਨ ਵਿੱਚ ਉਦੇਸ਼ ਹੋਣਾ ਚਾਹੀਦਾ ਹੈ, ਗਿਆਨ ਦੇ ਸਾਰੇ ਸੰਭਵ ਸੋਮਿਆਂ ਦੇ ਮਾਧਿਅਮ ਰਾਹੀਂ ਇਸ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ, ਸਖ਼ਤ ਮਿਹਨਤ ਕਰਨੀ ਅਤੇ ਸਮੱਸਿਆਵਾਂ ਤੋਂ ਕਦੇ ਹਾਰ ਨਹੀਂ ਮੰਨਣੀ ਚਾਹੀਦੀ, ਹਮੇਸ਼ਾਂ ਸਮੱਸਿਆਵਾਂ ਨੂੰ ਹਰਾ ਕੇ ਆਪਣੇ ਜੀਵਨ ਵਿੱਚ ਸਫ਼ਲ ਹੋਣਾ ਚਾਹੀਦਾ ਹੈ।

ਦੱਖਣੀ ਭਾਰਤੀ ਰਾਜ ਤਮਿਲਨਾਡੂ ਦੇ ਰਮੇਸ਼ਵਰਮ ਦੇ ਧਨੁਸ਼ਕੋਡੀ ਪਿੰਡ ਵਿੱਚ ਮਧਿਅਮ ਵਰਗ ਦੇ ਮੁਸਲਿਮ ਪਰਿਵਾਰ ਵਿੱਚ ਪਿਤਾ ਜੈਨੁਲਾਬਦੀਨ ਦੇ ਘਰ ਮਾਤਾ ਆਸ਼ੀਅੰਮਾ ਦੀ ਕੁੱਖੋਂ 15 ਅਕਤੂਬਰ 1931 ਨੂੰ ਏ.ਪੀ.ਜੇ. ਅਬਦੁਲ ਕਲਾਮ ਦਾ ਜਨਮ ਹੋਇਆ। ਡਾ. ਏ.ਪੀ.ਜੇ. ਅਬਦੁਲ ਕਲਾਮ ਦਾ ਪੂਰਾ ਨਾਂ ਡਾ. ਅਬੁਲ ਪਾਕਿਰ ਜੈਨੂਲਬਦੀਨ ਅਬਦੁਲ ਕਲਾਮ ਸੀ ਅਤੇ ਉਹਨਾਂ ਦੀ 27 ਜੁਲਾਈ 2015 ਨੂੰ ਆਈ.ਆਈ.ਐੱਮ. ਸ਼ਿਲੌਂਗ ਵਿੱਚ ਲੈਕਚਰ ਦਿੰਦੇ ਸਮੇਂ ਦਿਲ ਦਾ ਦੌਰਾ ਪੈਣ ਨਾਲ 83 ਵਰ੍ਹਿਆਂ ਦੀ ਉਮਰ ਵਿੱਚ ਮੌਤ ਹੋ ਗਈ। ਡਾ. ਕਲਾਮ ਨੇ ਪੰਝੀ ਕਿਤਾਬਾਂ ਲਿਖੀਆਂ ਜਿਹਨਾਂ ਵਿੱਚ ਉਹਨਾਂ ਦੀ ਆਤਮ ਕਥਾ 'ਵਿੰਗਜ਼ ਆੱਫ਼ ਫਾਇਰ (1999)' ਕਾਫ਼ੀ ਚਰਚਿਤ ਰਹੀ।

**ਡਾ. ਕਲਾਮ ਨੂੰ ਸਮੇਂ ਸਮੇਂ ਤੇ ਬਹੁਤ ਮਾਣ ਸਨਮਾਣ ਨਾਲ ਸਨਮਾਨਿਤ ਕੀਤਾ ਗਿਆ ਜਿਹਨਾਂ ਵਿੱਚ ਸਾਲ 1981 ਵਿੱਚ ਭਾਰਤ ਸਰਕਾਰ ਤਰਫ਼ੋਂ ਪਦਮ ਭੂਸ਼ਣ, ਸਾਲ 1990 ਵਿੱਚ ਪਦਮ ਵਿਭੂਸ਼ਣ ਅਤੇ ਸਾਲ 1997 ਵਿੱਚ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਣ 'ਭਾਰਤ ਰਤਨ' ਵਿਸ਼ੇਸ਼ ਵਰਣਨਯੋਗ ਹੈ। ਡਾ.ਕਲਾਮ ਨੂੰ ਵੱਖੋ ਵੱਖਰੀਆਂ ਯੂਨੀਵਰਸਿਟੀਆਂ ਤਰਫ਼ੋਂ 7 ਆਨਰੇਰੀ ਡੋਕਟਰੇਟ ਡਿਗਰੀਆਂ ਦਿੱਤੀਆਂ ਗਈਆਂ। ਡਾ. ਕਲਾਮ 1992 ਤੋਂ 1999 ਤੱਕ ਭਾਰਤੀ ਰੱਖਿਆ ਮੰਤਰੀ ਦੇ ਰੱਖਿਆ ਸਲਾਹਕਾਰ ਵੀ ਰਹੇ। ਡਾ. ਕਲਾਮ ਭਾਰਤ ਸਰਕਾਰ ਦੇ ਮੁੱਖ ਵਿਗਿਆਨਿਕ ਸਲਾਹਕਾਰ ਵੀ ਰਹੇ।**



ਸ਼ੁਰੂਆਤੀ ਪੜ੍ਹਾਈ ਸਮੇਂ ਕਲਾਮ ਅਖਬਾਰ ਵੰਡਣ ਦਾ ਕੰਮ ਵੀ ਕਰਦੇ ਰਹੇ ਅਤੇ ਉਹ ਐਰੋਸਪੇਸ ਟੈਕਨੋਲੋਜੀ 'ਚ ਆਉਣ ਪਿੱਛੇ ਆਪਣੇ ਪੰਜਵੀਂ ਜਮਾਤ ਦੇ ਅਧਿਆਪਕ ਸੁਬਰਾਮਨੀਅਮ ਅਈਅਰ ਨੂੰ ਮੰਨਦੇ ਸਨ। ਕਲਾਮ ਨੇ ਫਿਜਿਕਸ ਦੀ ਪੜ੍ਹਾਈ ਕੀਤੀ ਅਤੇ ਮਦਰਾਸ ਇੰਜੀਨੀਅਰਿੰਗ ਕਾਲਜ ਵਿੱਚੋਂ ਐਰੋਨੌਟੀਕਲ ਇੰਜੀਨੀਅਰਿੰਗ ਕੀਤੀ।

ਡਾ. ਕਲਾਮ ਸਾਲ 1958 ਵਿੱਚ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ.ਆਰ.ਡੀ.ਓ.) ਨਾਲ ਜੁੜੇ ਅਤੇ ਬਾਅਦ ਵਿੱਚ ਸਾਲ 1963 ਵਿੱਚ ਕਲਾਮ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨਾਲ ਜੁੜੇ। ਇਹਨਾਂ ਦੇ ਪ੍ਰਜੈਕਟ ਡਾਇਰੈਕਟਰ ਰਹਿੰਦੇ ਹੋਏ ਭਾਰਤ ਨੇ ਆਪਣਾ ਪਹਿਲਾ ਸਵਦੇਸ਼ੀ ਉਪਗ੍ਰਹਿ ਯਾਨ ਐੱਸ.ਐੱਲ.ਵੀ.-3 ਬਣਾਇਆ। ਸਾਲ 1980 ਵਿੱਚ ਰੋਹਿਣੀ ਉਪਗ੍ਰਹਿ ਨੂੰ ਧਰਤੀ ਦੇ ਨੇੜੇ ਸਥਾਪਿਤ ਕੀਤਾ ਗਿਆ ਅਤੇ ਭਾਰਤ ਅੰਤਰਰਾਸ਼ਟਰੀ ਪੁਲਾੜ ਕਲੱਬ ਦਾ ਮੈਂਬਰ ਬਣ ਗਿਆ। ਕਲਾਮ ਨੇ ਇਸ ਤੋਂ ਬਾਅਦ ਸਵਦੇਸੀ ਗਾਈਡਿਡ ਮਿਸਾਈਲ ਨੂੰ ਡਿਜਾਇਨ ਕੀਤਾ। ਉਹਨਾਂ ਨੇ ਪ੍ਰਿਥਵੀ (1988) ਅਤੇ ਅਗਨੀ (1989) ਵਰਗੀਆਂ ਮਿਸਾਈਲਾਂ ਭਾਰਤੀ ਤਕਨੀਕ ਨਾਲ ਬਣਾਈਆਂ। ਸਾਲ 1998 ਵਿੱਚ ਰੂਸ ਦੇ ਨਾਲ ਮਿਲ ਕੇ ਭਾਰਤ ਨੇ ਸੁਪਰਸੋਨਿਕ ਕਰੂਜ ਮਿਸਾਈਲ ਬਣਾਉਣ ਤੇ ਕੰਮ ਸ਼ੁਰੂ ਕੀਤਾ ਅਤੇ ਬ੍ਰਹਿਮੋਸ ਪ੍ਰਾਈਵੇਟ ਲਿਮਿਟਡ ਦੀ ਸਥਾਪਨਾ ਕੀਤੀ ਗਈ। ਬ੍ਰਹਿਮੋਸ ਮਿਸਾਈਲ ਨੂੰ ਧਰਤੀ, ਆਸਮਾਨ ਅਤੇ ਸਮੁੰਦਰ ਵਿੱਚ ਕਿਤੇ ਵੀ ਦਾਗਿਆ ਜਾ ਸਕਦਾ ਹੈ। ਡਾ. ਕਲਾਮ ਨੂੰ 'ਭਾਰਤ ਦੇ ਮਿਜ਼ਾਈਲ ਮੈਨ' ਦੇ ਰੂਪ ਵਿੱਚ ਪ੍ਰਸਿੱਧੀ ਮਿਲੀ।

ਡਾ. ਕਲਾਮ ਨੂੰ ਸਮੇਂ ਸਮੇਂ ਤੇ ਬਹੁਤ ਮਾਣ ਸਨਮਾਣ ਨਾਲ ਸਨਮਾਨਿਤ ਕੀਤਾ ਗਿਆ ਜਿਹਨਾਂ ਵਿੱਚ ਸਾਲ 1981 ਵਿੱਚ ਭਾਰਤ ਸਰਕਾਰ ਤਰਫ਼ੋਂ ਪਦਮ ਭੂਸ਼ਣ, ਸਾਲ 1990 ਵਿੱਚ ਪਦਮ ਵਿਭੂਸ਼ਣ ਅਤੇ ਸਾਲ 1997 ਵਿੱਚ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਣ 'ਭਾਰਤ ਰਤਨ' ਵਿਸ਼ੇਸ਼ ਵਰਣਨਯੋਗ ਹੈ। ਡਾ.ਕਲਾਮ ਨੂੰ ਵੱਖੋ ਵੱਖਰੀਆਂ ਯੂਨੀਵਰਸਿਟੀਆਂ ਤਰਫ਼ੋਂ 7 ਆਨਰੇਰੀ ਡੋਕਟਰੇਟ ਡਿਗਰੀਆਂ ਦਿੱਤੀਆਂ ਗਈਆਂ।

ਡਾ. ਕਲਾਮ 1992 ਤੋਂ 1999 ਤੱਕ ਭਾਰਤੀ ਰੱਖਿਆ ਮੰਤਰੀ ਦੇ ਰੱਖਿਆ ਸਲਾਹਕਾਰ ਵੀ ਰਹੇ। ਡਾ. ਕਲਾਮ ਭਾਰਤ ਸਰਕਾਰ ਦੇ ਮੁੱਖ ਵਿਗਿਆਨਿਕ ਸਲਾਹਕਾਰ ਵੀ ਰਹੇ। ਡਾ. ਕਲਾਮ ਨੂੰ 2002 ਵਿੱਚ ਭਾਰਤ ਦੇ 11ਵੇਂ ਰਾਸ਼ਟਰਪਤੀ ਦੇ ਤੌਰ ਤੇ ਚੁਣਿਆ ਗਿਆ ਅਤੇ ਇਹ ਉਹਨਾਂ ਦੀ ਲੋਕ ਪ੍ਰੀਅਤਾ ਹੈ ਕਿ ਉਹਨਾਂ ਨੂੰ 'ਲੋਕਾਂ ਦਾ ਰਾਸ਼ਟਰਪਤੀ' ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਹਰ ਵਿਦਿਆਰਥੀ ਦਾ ਫ਼ਰਜ਼ ਹੈ ਕਿ ਸਿੱਖਿਅਕ ਹੋ ਕੇ ਉਹ ਇੱਕ ਆਦਰਸ਼ ਸ਼ਖਸੀਅਤ ਰੱਖਦੇ ਹੋਏ ਪਰਿਵਾਰ, ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਆਪਣਾ ਅਹਿਮ ਯੋਗਦਾਨ ਪਾਵੇ। ਸਮੇਂ ਦੀ ਹਕੀਕਤ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਦਾ ਮਿਆਰ ਅਤੇ ਗੁਣਵੱਤਾ ਦਿਨ ਬ ਦਿਨ ਨਿਘਾਰ ਵੱਲ ਜਾ ਰਹੀ ਹੈ, ਇੱਕ ਆਦਰਸ਼ ਵਿਦਿਆਰਥੀ ਵਰਗ ਦੇ ਨਿਰਮਾਣ ਲਈ ਜ਼ਰੂਰੀ ਹੈ ਕਿ ਸਰਕਾਰਾਂ ਸਿੱਖਿਆ ਨੀਤੀ ਅਤੇ ਸਿੱਖਿਆ ਪ੍ਰਣਾਲੀ ਦੀ ਕਾਰਜਸ਼ੈਲੀ ਤੇ ਚਿੰਤਾ ਕਰਨ ਤੇ ਲੋੜੀਂਦੇ ਸੁਧਾਰਾਂ ਨੂੰ ਅਮਲੀ ਜਾਮਾ ਪਹਿਣਾਉਣ।

# 'ਭਾਰਤ ਦੀ ਸਿੱਖਿਆ ਨੀਤੀ 'ਚ ਤਿੰਨ ਭਾਸ਼ਾਈ ਫਾਰਮੂਲਾ'

ਭਾਰਤ ਦੀ ਕੇਂਦਰ ਸਰਕਾਰ ਕਿਉਂ ਹਿੰਦੀ ਭਾਸ਼ਾ ਨੂੰ ਪੜ੍ਹਾਈ ਲਈ ਇਕ ਜ਼ਰੂਰੀ ਵਿਸ਼ਾ ਬਣਾਉਣਾ ਚਾਹੁੰਦੀ ਹੈ, ਜਿਸ ਨੂੰ 1968 ਦੀ ਠੋਸ ਨੀਤੀ ਦੇ ਤਹਿਤ ਇਕ ਦਫ਼ਤਰੀ ਦਸਤਾਵੇਜ਼ ਬਣਾਉਣਾ ਚਾਹੁੰਦੀ ਹੈ? ਤਿੰਨ ਭਾਸ਼ਾਈ ਫਾਰਮੂਲੇ ਦੀ ਨੀਤੀ ਦਾ ਇਤਿਹਾਸ ਇਹ ਦੱਸਦਾ ਹੈ ਕਿ ਇਸ ਨੂੰ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ ਨੇ 1948-49 ਤਿਆਰ ਕੀਤਾ ਸੀ, ਜਿਹੜਾ ਕਿ ਤਿੰਨਾਂ ਹੀ ਭਾਸ਼ਾਵਾਂ ਹਿੰਦੀ, ਅੰਗਰੇਜ਼ੀ ਤੇ ਕਿਸੇ ਸੂਬੇ ਦੀ ਸਥਾਨਕ ਭਾਸ਼ਾ ਨੂੰ ਪੜ੍ਹਾਉਣ ਲਈ, ਇਹਨਾਂ ਦੀਆਂ ਮੁੱਖ ਲੋਕਾਂ ਨੂੰ ਹੱਲ ਕਰਨ ਦਾ ਰਸਤਾ ਨਹੀਂ ਲੱਭ ਸਕਿਆ ਤੇ ਇਕ ਫਜ਼ੂਲੀਅਤ ਬਣ ਕੇ ਰਹਿ ਗਿਆ ਸੀ। ਹੁਣ ਫਿਰ ਇਕ 50 ਸਾਲ ਪੁਰਾਣੇ ਵਿਵਾਦਿਤ ਮੁੱਦੇ ਨੂੰ, ਜਿਸ ਤੋਂ ਮੁਕਤੀ ਪਾ ਕੇ ਇਕ ਨਵਾਂ ਜੀਵਨ ਮਿਲਿਆ ਸੀ, ਹੁਣ ਫਿਰ ਸਰਕਾਰ ਦੀ 2019 ਦੀ ਨਵੀਂ ਸਿੱਖਿਆ ਨੀਤੀ ਦੇ ਤਹਿਤ, ਇਕ ਨਵਾਂ ਪਹਿਰਾ ਲਿਖ ਕੇ, ਆਦੇਸ਼ਿਤ ਕੀਤਾ ਗਿਆ ਹੈ ਕਿ ਜਿਹਨਾਂ ਸੂਬਿਆਂ 'ਚ ਹਿੰਦੀ ਨਹੀਂ ਬੋਲੀ ਜਾਂਦੀ, ਉਥੇ ਹਿੰਦੀ ਭਾਸ਼ਾ ਵੀ ਪੜ੍ਹਾਈ ਜਾਵੇ। ਇਹ ਭਾਰਤ ਦੀ ਕੇਂਦਰੀ ਸਰਕਾਰ ਦਾ ਤਿੰਨ-ਭਾਸ਼ਾਈ ਫਾਰਮੂਲੇ ਨੂੰ ਦੁਬਾਰਾ ਦੁਹਰਾਉਣ ਦਾ ਆਦੇਸ਼ ਹੈ ਪ੍ਰੰਤੂ ਇਸ ਗੱਲ 'ਤੇ ਤਾਮਿਲਨਾਡੂ, ਕਰਨਾਟਕਾ, ਆਂਧਰਾ ਪ੍ਰਦੇਸ਼ ਤੇ ਪੰਜਾਬ 'ਚ, ਖਾਸ ਤੌਰ 'ਤੇ ਤਾਮਿਲਨਾਡੂ 'ਚ ਇਕ ਤੂਫਾਨ ਖੜ੍ਹਾ ਕਰ ਦਿੱਤਾ ਗਿਆ ਹੈ ਕਿਉਂਕਿ ਇਹ ਸੂਬੇ ਹਿੰਦੀ ਨਹੀਂ ਬੋਲਦੇ ਹਨ। ਉਹਨਾਂ ਬੜੀ ਦ੍ਰਿੜ੍ਹਤਾ ਨਾਲ ਹਿੰਦੀ ਭਾਸ਼ਾ ਨੂੰ ਜ਼ਬਰਦਸਤੀ ਠੋਸਣ ਦਾ ਵਿਰੋਧ ਕੀਤਾ ਹੈ ਤੇ ਉਹਨਾਂ ਸਾਊਥ ਦੇ ਸੂਬਿਆਂ ਨੇ ਇਹ ਵੀ ਕਿਹਾ ਕਿ ਉਹ ਦੋ-ਭਾਸ਼ਾਈ ਫਾਰਮੂਲੇ 'ਤੇ ਬੜੀ ਦ੍ਰਿੜਤਾ ਨਾਲ ਡਟੇ ਰਹਿਣਗੇ। ਮੌਜੂਦਾ ਸਮੇਂ 'ਚ ਤਿੰਨ-ਭਾਸ਼ਾਈ ਫਾਰਮੂਲੇ ਨੂੰ ਉਥੋਂ ਦੇ ਪੂਰਵ ਮੁੱਖ ਮੰਤਰੀ ਸ੍ਰੀ ਸੀ. ਐਨ. ਐਨਾਦੁਰਾਈ ਦੀਆਂ ਕੋਸ਼ਿਸ਼ਾਂ ਸਦਕਾ ਇਹ ਫਾਰਮੂਲਾ ਲਾਗੂ ਨਹੀਂ ਕੀਤਾ ਗਿਆ ਸੀ। ਕੇਂਦਰ ਸਰਕਾਰ ਨੇ ਇਸ ਦਾ ਹੱਲ ਲੱਭਣ ਲਈ ਤੇ ਵਿਰੋਧੀਆਂ ਨੂੰ ਸ਼ਾਂਤ ਕਰਨ ਲਈ ਫਿਲਹਾਲ ਇਸ ਭਖੇ ਹੋਏ ਵਿਵਾਦਿਤ ਹਿੰਦੀ ਦੇ ਮੁੱਦੇ ਨੂੰ ਸ਼ਾਂਤ ਕਰਨ ਲਈ ਇਸ 'ਤੇ ਰੋਕ ਲਾ ਦਿੱਤੀ ਹੈ।

ਤਿੰਨ-ਭਾਸ਼ਾਈ ਫਾਰਮੂਲਾ ਕੀ ਹੈ? ਇਹ ਆਮ ਤੌਰ 'ਤੇ ਹਰ ਇਕ ਜਾਣਦਾ ਹੈ ਕਿ ਤਿੰਨ-ਭਾਸ਼ਾਈ ਫਾਰਮੂਲੇ ਦੀ ਜਦੋਂ ਕੋਈ ਗੱਲ ਹੁੰਦੀ ਹੈ ਤਾਂ ਇਸ ਦੇ ਪ੍ਰਸੰਗ 'ਚ ਹਿੰਦੀ ਭਾਸ਼ਾ ਬਾਰੇ ਹੀ ਗੱਲ ਹੁੰਦੀ ਹੈ, ਅੰਗਰੇਜ਼ੀ ਤੇ ਕਿਸੇ ਸੂਬੇ ਦੀ ਸਥਾਨਕ ਭਾਸ਼ਾ ਵੀ ਇਸ 'ਚ ਸ਼ਾਮਲ ਹੈ। ਭਾਵੇਂ ਹਿੰਦੀ ਭਾਸ਼ਾ ਦੀ ਪੜ੍ਹਾਈ ਸਾਰੇ ਦੇਸ਼ 'ਚ ਲਾਗੂ ਕਰਾਉਣ ਦਾ ਮਸਲਾ ਪਿਛਲੇ ਲੰਮੇ ਸਮੇਂ ਤੋਂ ਲਟਕਿਆ ਹੋਇਆ ਹੈ। ਇਸ ਨੂੰ ਠੋਸ ਤਰੀਕੇ ਨਾਲ ਲਾਗੂ ਕਰਨ ਦੀ ਨੀਤੀ ਕਿ ਇਹ ਦਫ਼ਤਰੀ ਦਸਤਾਵੇਜ਼ ਬਣ ਜਾਵੇ, ਇਹ ਗੱਲ ਭਾਰਤ ਸਰਕਾਰ ਦੀ 1968 ਦੀ 'ਕੌਮੀ ਵਿਦਿਅਕ ਨੀਤੀ' 'ਚ ਦਰਜ ਹੈ। ਇਹ ਨੀਤੀ ਇਹ ਦਰਸਾਉਂਦੀ ਹੈ ਕਿ ਦੇਸ਼ ਦੇ ਸਾਰੇ ਸੂਬਿਆਂ ਦੀ ਸਥਾਨਕ ਭਾਸ਼ਾ, ਪਹਿਲਾਂ ਹੀ ਸਭ ਸੂਬਿਆਂ ਦੀ ਵਿੱਦਿਆ ਦੇ ਮਾਧਿਅਮ ਵਜੋਂ ਪ੍ਰਾਇਮਰੀ ਤੋਂ ਸੈਕੰਡਰੀ ਮਾਧਿਅਮ ਵਜੋਂ ਕੰਮ ਕਰ ਰਹੀ ਹੈ। ਇਸ 'ਚ ਹੋਰ ਵਾਧਾ ਕਰਦੇ ਹੋਏ ਇਹ ਵਿਦਿਅਕ ਨੀਤੀ ਇਹ ਕਹਿੰਦੀ ਹੈ ਕਿ, ''ਸੈਕੰਡਰੀ ਪੱਧਰ 'ਤੇ ਸੂਬਿਆਂ ਦੀਆਂ ਸਥਾਨਕ ਸਰਕਾਰਾਂ ਬੜੇ ਪ੍ਰਬੱਲ ਰੂਪ 'ਚ ਇਸ ਤਿੰਨ ਭਾਸ਼ਾਈ ਫਾਰਮੂਲੇ ਨੂੰ ਅਪਣਾ ਕੇ ਲਾਗੂ ਕਰ ਦੇਣ, ਇਸ 'ਚ ਭਾਰਤ ਦੀ ਆਧੁਨਿਕ ਭਾਸ਼ਾ ਨੂੰ ਵੀ ਸ਼ਾਮਲ ਕਰਕੇ ਪੜ੍ਹਾਇਆ ਜਾਵੇ। ਇਸ 'ਚ ਦੱਖਣੀ ਭਾਰਤ ਦੀ ਕਿਸੇ ਇਕ ਭਾਸ਼ਾ ਨੂੰ ਪ੍ਰਮੁੱਖਤਾ ਦੇ ਆਧਾਰ 'ਤੇ, ਇਸ 'ਚ ਹਿੰਦੀ ਤੇ ਅੰਗਰੇਜ਼ੀ ਨੂੰ, ਹਿੰਦੀ ਬੋਲਣ ਵਾਲੇ ਸੂਬਿਆਂ ਨੂੰ ਅਲੱਗ ਰੱਖਿਆ ਜਾਵੇ।'' ਹਿੰਦੀ ਨਾ ਬੋਲਣ ਵਾਲੇ ਸੂਬਿਆਂ 'ਚ, ਹਿੰਦੀ ਨੂੰ ਉਥੋਂ ਦੀ ਸਥਾਨਕ ਭਾਸ਼ਾ ਤੇ ਅੰਗਰੇਜ਼ੀ ਭਾਸ਼ਾ ਦੇ ਨਾਲ ਪੜ੍ਹਾਇਆ ਜਾਵੇ। ਇਸ 'ਚ: 'ਉਚਿਤ ਕੋਰਸਾਂ ਦੀ ਪੜ੍ਹਾਈ ਹਿੰਦੀ ਭਾਸ਼ਾ 'ਚ ਅਤੇ/ ਜਾਂ ਅੰਗਰੇਜ਼ੀ ਭਾਸ਼ਾ ਵੀ ਯੂਨੀਵਰਸਿਟੀਆਂ ਤੇ ਕਾਲਜਾਂ 'ਚ ਉਪਯੁਕਤ ਹੋਵੇ, ਜਿਸ 'ਚ ਰਾਏ ਨੂੰ ਸਾਂਝਿਆਂ ਕਰਦੇ ਹੋਏ, ਵਿਦਿਆਰਥੀਆਂ ਦੀ ਉਸ ਭਾਸ਼ਾ 'ਚ ਮੁਹਾਰਤ ਹਾਸਲ ਕਰਨਾ ਵੀ ਯੂਨੀਵਰਸਿਟੀ ਦੇ ਮਾਪਦੰਡਾਂ ਦੇ ਅਨੁਕੂਲ ਹੋਵੇ।

ਪਰ ਉਕਤ ਚਰਚਾ ਪ੍ਰਤੀ ਵਿਦਵਾਨ ਜਾਂ ਅਲੋਚਕ ਇਸ ਦੀ ਇਕ ਉਦਾਹਰਣ ਦਿੰਦੇ ਹਨ ਕਿ ਜਿਵੇਂ: ਬੈਲਜੀਅਮ ਤੇ ਸਵਿਟਜ਼ਰਲੈਂਡ ਵਰਗੇ ਬਹੁ-ਭਾਸ਼ਾਈ ਦੇਸ਼ ਹਨ ਉਹਨਾਂ 'ਚ ਇਸ ਤਰ੍ਹਾਂ ਦਾ ਫਾਰਮੂਲਾ ਕਾਮਯਾਬ ਨਹੀਂ ਹੋਇਆ ਹੈ। ਵਿਦਵਾਨ ਆਲੋਚਕ ਇਹ ਮੰਨਦੇ ਹਨ ਕਿ ਆਧੁਨਿਕ ਸਮੇਂ ਦੀ ਹਿੰਦੀ ਭਾਸ਼ਾ ਆਪਣੇ ਆਪ 'ਚ, ਇਕ ਤਰ੍ਹਾਂ ਨਾਲ ਘੱਟ ਗਿਣਤੀ 'ਚ ਬੋਲੇ ਜਾਣ ਵਾਲੇ ਲੋਕਾਂ ਦੀ ਭਾਸ਼ਾ ਹੈ ਤੇ ਇਹ ਕਿਸੇ ਵੀ ਤਰ੍ਹਾਂ ਕੰਨੜਾ, ਤਿਲਗੂ, ਤਾਮਿਲ, ਮਰਾਠੀ, ਬੰਗਾਲੀ, ਪੰਜਾਬੀ, ਮਲਿਆਲਮ ਤੇ ਗੁਜਰਾਤੀ ਭਾਸ਼ਾਵਾਂ ਦੇ ਇਤਿਹਾਸ ਤੋਂ ਕਾਫੀ ਪਿੱਛੇ ਹੈ। ਇਹਨਾਂ ਭਾਸ਼ਾਵਾਂ ਦਾ ਸਾਹਿਤਕ ਖ਼ਜ਼ਾਨਾ ਬਹੁਤ ਅਮੀਰ ਹੈ, ਪਰ ਕਮਿਸ਼ਨ ਅਜੇ ਵੀ ਭਵਿੱਖਬਾਣੀ ਕਰ ਰਿਹਾ ਹੈ ਕਿ ਹਿੰਦੀ ਭਾਸ਼ਾ ਭਾਰਤ 'ਚ ਆਖਿਰਕਾਰ ਅੰਗਰੇਜ਼ੀ ਭਾਸ਼ਾ ਦਾ ਬਦਲ ਹੋਵੇਗੀ। ਇਸ ਦਾ ਅਰਥ ਹੈ ਕਿ ਭਾਰਤ ਦੀ ਹਰ ਸਟੇਟ ਵਿਚ ਇਕ ਦਿਨ ਹਿੰਦੀ ਭਾਸ਼ਾ, ਇਕ ਰਾਜ ਭਾਸ਼ਾ ਵਜੋਂ ਸਥਾਪਤ ਹੋ ਜਾਵੇਗੀ ਤੇ ਭਾਰਤ ਦੇਸ਼ ਦੀ ਰਾਜ-ਭਾਸ਼ਾ ਬਣ ਜਾਵੇਗੀ।

ਹਿੰਦੀ ਭਾਸ਼ਾ ਦੀ ਤਰੱਕੀ ਲਈ ਨੈਸ਼ਨਲ ਸਿੱਖਿਆ ਨੀਤੀ 1968 ਇਹ ਵੀ ਕਹਿੰਦੀ ਹੈ ਕਿ ਇਸ ਲਈ ਹਰ ਕੋਸ਼ਿਸ਼ ਕੀਤੀ ਜਾਵੇ ਤਾਂ ਜੋ ਹਿੰਦੀ ਦੇ ਵਿਕਾਸ ਨੂੰ ਇਕ ਸੰਪਰਕ ਭਾਸ਼ਾ ਦੇ ਪੱਧਰ ਤੱਕ ਪਹੁੰਚਾਇਆ ਜਾ ਸਕੇ, ਇਸ 'ਚ ਪੂਰੀ ਸਾਵਧਾਨੀ ਵਰਤੀ ਜਾਵੇ ਤੇ ਇਸ ਦੀ ਵਰਤੋਂ ਨੂੰ ਪ੍ਰਪੱਕ ਤੌਰ 'ਤੇ ਉਪਯੋਗੀ ਬਣਾਇਆ ਜਾਵੇ। ਭਾਰਤੀ ਸੰਵਿਧਾਨ ਦੇ ਆਰਟੀਕਲ 351 'ਚ ਇਹ ਸਹੂਲਤ ਦਿੱਤੀ ਗਈ ਹੈ ਕਿ ਇਹ ਭਾਸ਼ਾ ਆਪਣੇ ਵਿਚਾਰਾਂ ਦਾ ਪ੍ਰਗਟਾ ਹਰ ਖੇਤਰ 'ਚ ਕਰਨ ਦਾ ਮਾਧਿਅਮ ਬਣ ਸਕੇ ਤੇ ਭਾਰਤੀ ਸਭਿਆਚਾਰ ਇਕ ਸੰਗਠਿਤ ਅੰਗ ਬਣ ਸਕੇ। ਹਿੰਦੀ ਨਾ-ਬੋਲਦੇ ਸੂਬਿਆਂ ਦੇ ਕਾਲਜਾਂ ਤੇ ਹੋਰ ਉੱਚ ਸਿੱਖਿਅਕ ਅਦਾਰਿਆਂ 'ਚ ਹਿੰਦੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ।'' ਸਬੱਬ ਨਾਲ ਨੈਸ਼ਨਲ ਸਿੱਖਿਆ ਨੀਤੀ 1986, 1968 ਦੀ ਨੀਤੀ ਤਿੰਨ ਭਾਸ਼ਾਈ ਫਾਰਮੂਲੇ 'ਚ ਕੋਈ ਤਬਦੀਲੀ ਨਾ ਕਰ ਸਕੀ ਤੇ ਹਿੰਦੀ ਭਾਸ਼ਾ ਦੀ ਤਰੱਕੀ ਲਈ ਲਫਜ਼-ਬ-ਲਫਜ਼ ਉਸੇ ਤਰ੍ਹਾਂ ਹੀ ਦੁਹਰਾਉਂਦੀ ਰਹੀ ਤੇ ਹੁਣ ਨਵੇਂ ਸਿਰੇ ਤੋਂ ਫਿਰ ਤਿੰਨ-ਭਾਸ਼ਾਈ ਫਾਰਮੂਲੇ ਨੂੰ ਮੁੜ ਸੁਰਜੀਤ ਕਰ ਦਿੱਤਾ ਗਿਆ ਹੈ।

ਅੱਜਕਲ੍ਹ ਹਿੰਦੀ ਭਾਸ਼ਾ ਦੀਆਂ ਖ਼ਬਰਾਂ ਚਰਚਾ 'ਚ ਕਿਉਂ ਹਨ? ਭਾਰਤ ਦੀ ਕੇਂਦਰ ਸਰਕਾਰ ਨੇ 'ਨੈਸ਼ਨਲ ਸਿੱਖਿਆ ਨੀਤੀ ਵਿਭਾਗ' ਨੂੰ ਇਕ ਖਰੜਾ ਤਿਆਰ ਕਰਕੇ ਭੇਜਿਆ ਹੈ। ਇਹ ਖਰੜਾ ਸਪੇਸ ਸਾਇੰਸਦਾਨ ਸ੍ਰੀ ਕੇ. ਕਸਤੂਰੀਰੰਜਨ ਦੀ ਅਗਵਾਈ ਵਾਲੀ ਕਮੇਟੀ ਨੇ ਤਿਆਰ ਕਰਕੇ ਭੇਜਿਆ ਹੈ। ਇਹ ਖਰੜੇ 'ਚ ਇਹ ਅਧਿਕਾਰ ਪ੍ਰਾਪਤ ਹੈ ਕਿ ਹਿੰਦੀ ਭਾਸ਼ਾ ਦੀ ਪੜ੍ਹਾਈ ਨੂੰ, ਨਾ-ਹਿੰਦੀ ਬੋਲਣ ਵਾਲੇ ਸੂਬਿਆਂ 'ਚ ਲਾਗੂ ਕੀਤਾ ਜਾਵੇ। ਇਸ ਆਦੇਸ਼ ਨੇ ਤਾਮਿਲਨਾਡੂ ਸੂਬੇ ਤੇ ਪੰਜਾਬ 'ਚ ਹਿੰਦੀ ਭਾਸ਼ਾ ਵਿਰੁੱਧ ਤੂਫਾਨ ਲੈ ਆਂਦਾ ਹੈ।

ਇਸ 'ਚ ਰਵਾਇਤਨ ਇਹ ਵਿਰੋਧ ਕੀਤਾ ਜਾ ਰਿਹਾ ਹੈ ਕਿ ਹਿੰਦੀ ਭਾਸ਼ਾ ਦੀ ਪੜ੍ਹਾਈ ਨੂੰ ਜ਼ਰੂਰੀ ਵਿਸ਼ੇ ਵਜੋਂ ਲਾਗੂ ਨਾ ਕੀਤਾ ਜਾਵੇ। ਇਸ ਖਰੜੇ 'ਚ ਇਹ ਵੀ ਲਿਖਿਆ ਗਿਆ ਹੈ ਕਿ ਸਕੂਲ ਵਿਦਿਆਰਥੀਆਂ ਨੂੰ ਭਾਸ਼ਾ ਦਾ ਵਿਸ਼ਾ ਚੁਣਨ ਲਈ ਨਰਮੀ ਵਰਤੀ ਜਾਵੇ ਤੇ ਉਹ ਆਪਣੀ ਮਰਜ਼ੀ ਨਾਲ ਭਾਸ਼ਾ ਦੇ ਵਿਸ਼ੇ ਦੀ ਚੋਣ ਕਰਨ। ਇਸ ਖਰੜੇ 'ਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਵਿਦਿਆਰਥੀ ਤਿੰਨ ਭਾਸ਼ਾਈ ਫਾਰਮੂਲੇ ਦੀ ਚੋਣ ਕਰਨ ਵੇਲੇ, ਹਿੰਦੀ ਭਾਸ਼ਾ ਬੋਲਦੇ ਸੂਬਿਆਂ 'ਚ ਤਬਦੀਲੀ ਕਰਨੀ ਚਾਹੁੰਦੇ ਹਨ, ਉਹ ਛੇਵੀਂ ਜਮਾਤ ਤੋਂ ਹੀ ਕਰ ਸਕਦੇ ਹਨ। ''ਇਸ ਤਰ੍ਹਾਂ ਵਿਦਿਆਰਥੀ ਤਿੰਨ ਭਾਸ਼ਾਈ ਫਾਰਮੂਲੇ ਦੀ ਪੜ੍ਹਾਈ ਹਿੰਦੀ ਬੋਲਦੇ ਸੂਬਿਆਂ 'ਚ ਹਿੰਦੀ ਤੇ ਅੰਗਰੇਜ਼ੀ ਵਿਸ਼ਿਆਂ ਦੇ ਨਾਲ, ਉਸ ਸੂਬੇ ਦੀ ਆਧੁਨਿਕ ਸਥਾਨਕ ਭਾਸ਼ਾ ਦੇ ਵਿਸ਼ੇ ਦੀ ਚੋਣ ਕਰਕੇ, ਉਹ ਵਿਸ਼ਾ ਵੀ ਪੜ੍ਹ ਸਕਦੇ ਹਨ ਤੇ ਇਸੇ ਹੀ ਤਰ੍ਹਾਂ ਭਾਰਤ ਦੇ ਦੂਜੇ ਨਾ-ਹਿੰਦੀ ਬੋਲਣ ਵਾਲੇ ਸੂਬਿਆਂ 'ਚ ਵੀ ਕਰ ਸਕਦੇ ਹਨ।''

ਹਿੰਦੀ ਭਾਸ਼ਾ ਦਾ ਤਾਮਿਲਨਾਡੂ 'ਚ ਵਿਰੋਧ ਕਿਉਂ ਹੈ ਤੇ ਇਸ 'ਤੇ ਭਾਰਤ ਸਰਕਾਰ ਦਾ ਪ੍ਰਤੀਕਰਮ ਕੀ ਹੈ? ਭਾਸ਼ਾ ਦੇ ਇਸ ਖਰੜੇ ਦੇ ਆਦੇਸ਼ ਦਾ ਤਾਮਿਲਨਾਡੂ 'ਚ ਰਾਜਨੀਤਿਕ ਲੀਡਰਾਂ ਨੇ ਰੱਜ ਕੇ ਵਿਰੋਧ ਕੀਤਾ ਤਾਂ ਕਿ ਸਰਕਾਰ ਦੀ ਇਸ ਤਿੰਨ-ਭਾਸ਼ਾਈ ਫਾਰਮੂਲੇ ਦੀ ਨੀਤੀ ਨੂੰ ਹਿੰਦੀ ਭਾਸ਼ਾ ਨੂੰ ਨਾ-ਬੋਲਣ ਵਾਲੇ ਸੂਬਿਆਂ 'ਚ ਲਾਗੂ ਨਾ ਕੀਤਾ ਜਾ ਸਕੇ। 'ਦ੍ਰਵਿੜ ਮੁਨੇਤਰਾ ਕਾਜ਼ਗਮ' ਪਾਰਟੀ ਦੇ ਪ੍ਰਧਾਨ ਐਮ. ਕੇ. ਸਟਾਲਿਨ ਨੇ ਇਹ ਚਿਤਾਵਨੀ ਦਿੱਤੀ ਕਿ ਅਗਰ ਉਹਨਾਂ 'ਤੇ ਹਿੰਦੀ ਵਿਸ਼ਾ ਦੀ ਇਹ ਪੜ੍ਹਾਈ ਜ਼ਬਰਦਸਤੀ ਲਾਗੂ ਕੀਤੀ ਤਾਂ ਉਹ ਇਸ ਆਦੇਸ਼ ਦੇ ਖਿਲਾਫ ਇਕ ਹੋਰ ਵੱਡੇ ਅੰਦੋਲਨ ਦੀ ਯੋਜਨਾ ਦਾ ਐਲਾਨ ਕਰ ਦੇਣਗੇ। ਇਸੇ ਹੀ ਤਰ੍ਹਾਂ ਉਹਨਾਂ ਨੇ ਪਿਛਲੇ ਸਮੇਂ 'ਚ 1937 ਤੇ 1965 'ਚ ਵੀ ਇਸੇ ਤਰ੍ਹਾਂ ਦੇ ਆਦੇਸ਼ ਦੇ ਖਿਲਾਫ ਅੰਦੋਲਨ ਚਲਾਇਆ ਸੀ। ਮੌਜੂਦਾ ਸਮੇਂ 'ਚ ਪੰਜਾਬ ਵਿਚ ਵੀ ਇਸ ਤਿੰਨ ਭਾਸ਼ਾਈ ਫਾਰਮੂਲੇ ਦਾ ਹਿੰਦੀ ਭਾਸ਼ਾ ਨੂੰ ਜ਼ਬਰਦਸਤੀ ਨਾ ਲਾਗੂ ਕਰਨ ਤੇ ਇੱਥੋਂ ਦੀ ਸਥਾਨਕ ਭਾਸ਼ਾ ਪੰਜਾਬੀ ਨੂੰ ਦਬਾਉਣ ਲਈ ਹਮਲਾ ਸਮਝ ਕੇ ਵਿਰੋਧ ਕੀਤਾ ਗਿਆ ਹੈ। ਭਾਰਤ ਦੀ ਕੇਂਦਰ ਸਰਕਾਰ ਨੇ ਹਾਲ ਦੀ ਘੜੀ ਇਸ ਵਿਰੋਧ ਨੂੰ ਖਤਮ ਕਰਨ ਲਈ, ਇਹ ਬਿਆਨ ਦਿੱਤਾ ਹੈ ਕਿ ਇਹ ਤਾਂ ਸਿਰਫ ਇਕ ਖਰੜਾ ਹੀ ਬਣਿਆ ਹੈ ਤੇ ਇਸ ਨੀਤੀ 'ਤੇ ਅਜੇ ਕੋਈ ਫੈਸਲਾ ਨਹੀਂ ਹੋਇਆ। ਬਾਅਦ ਵਿਚ ਹਿੰਦੀ ਵਿਸ਼ੇ ਦੇ ਪ੍ਰਸੰਗ ਵਿਚ ਕਮੇਟੀ ਨੇ ਇਸ ਮੁੱਦੇ ਨੂੰ ਤਿਆਗ ਦਿੱਤਾ ਹੈ। ਇਸ ਕਥਨ ਨੂੰ ਦੁਬਾਰਾ ਫਿਰ ਦੁਹਰਾਇਆ ਗਿਆ ਹੈ ਤਾਂ ਕਿ ਵਿਰੋਧ ਸ਼ਾਂਤ ਹੋ ਜਾਵੇ ਕਿ ਵਿਦਿਆਰਥੀ 6ਵੀਂ ਜਾਂ 7ਵੀਂ ਜਮਾਤ ਤੋਂ ਭਾਸ਼ਾ ਦੇ ਵਿਸ਼ਿਆਂ ਦੀ ਚੋਣ ਆਪਣੀ ਮਰਜ਼ੀ ਨਾਲ ਕਰ ਸਕਦੇ ਹਨ। ਉਹ ਆਪਣੀ ਮਰਜ਼ੀ ਨਾਲ ਤਿੰਨੇ ਭਾਸ਼ਾਵਾਂ 'ਚ ਕਿਸੇ ਵੀ ਪੱਧਰ 'ਤੇ ਮੁਹਾਰਤ ਹਾਸਲ ਕਰ ਸਕਦੇ ਹਨ, ਭਾਵੇਂ ਉਹ ਬੋਰਡ ਦੀ ਪ੍ਰੀਖਿਆ ਹੋਵੇ ਜਾਂ ਸੈਕੰਡਰੀ ਸਕੂਲ ਪੱਧਰ ਦਾ ਕੋਈ ਮਾਪਦੰਡ ਹੋਵੇ।

ਹਿੰਦੀ ਨੂੰ ਲਾਗੂ ਕਰਾਉਣ ਦਾ ਝਗੜਾ ਕੀ ਹੈ? ਤਾਮਿਲਨਾਡੂ ਸਮੇਤ ਦੱਖਣ ਭਾਰਤ ਦੇ ਕਈ ਸੂਬੇ ਜਿਵੇਂ: ਕਰਨਾਟਕ, ਆਂਧਰਾ ਪ੍ਰਦੇਸ਼ ਤੇ ਉੱਤਰੀ ਭਾਰਤ 'ਚ ਪੰਜਾਬ ਆਦਿ ਸੂਬੇ ਰਵਾਇਤਨ ਹੀ ਹਿੰਦੀ ਭਾਸ਼ਾ ਨੂੰ ਇਕ ਜ਼ਰੂਰੀ ਵਿਸ਼ੇ ਵਜੋਂ ਲਾਗੂ ਕਰਨ ਤੇ ਇਸ ਨੂੰ ਦਫ਼ਤਰੀ ਜਾਂ ਪ੍ਰਸ਼ਾਸਨਿਕ ਭਾਸ਼ਾ ਬਣਾਉਣ ਦਾ ਵਿਰੋਧ ਕਰ ਰਹੇ ਹਨ। ਭਾਸ਼ਾ ਵਿਗਿਆਨੀਆਂ ਦਾ ਸਮੂਹ ਸ਼ੁਰੂ ਤੋਂ ਹੀ ਇਸ ਗੱਲ ਦਾ ਹਾਮੀ ਹੈ ਕਿ ਹਿੰਦੀ ਨੂੰ ਦਫ਼ਤਰੀ ਭਾਸ਼ਾ ਬਣਾਉਣ ਤੋਂ ਪਹਿਲਾਂ ਇਸ 'ਤੇ ਭਖਵੀਂ ਬਹਿਸ ਕਰਾਉਣੀ ਚਾਹੀਦੀ ਹੈ। ਸੰਵਿਧਾਨਕ ਅਸੈਂਬਲੀ 'ਚ ਹਿੰਦੀ ਨੂੰ ਦਫ਼ਤਰੀ ਭਾਸ਼ਾ ਬਣਾਉਣ ਲਈ ਸਿਰਫ ਇਕ ਵੋਟ ਪਈ। ਕਿਵੇਂ ਵੀ ਇਸ 'ਚ ਅੰਗਰੇਜ਼ੀ ਨੂੰ ਭਾਈਵਾਲ ਵਜੋਂ 15 ਸਾਲਾਂ ਲਈ ਦਫ਼ਤਰੀ ਭਾਸ਼ਾ ਵਜੋਂ ਸ਼ਾਮਲ ਕਰ ਲਿਆ ਗਿਆ। ਦਫ਼ਤਰੀ ਭਾਸ਼ਾਵਾਂ ਦਾ ਐਕਟ 15 ਸਾਲ ਦਾ ਸਮਾਂ ਖਤਮ ਹੋਣ 'ਤੇ 1965 ਵਿਚ ਭਾਰਤ ਦੇ ਸੂਬਿਆਂ ਦੀਆਂ ਸਭ ਸਰਕਾਰਾਂ ਦੀ ਸਲਾਹ ਨਾਲ ਹੋਂਦ 'ਚ ਆਇਆ। ਇਸਦਾ ਇਹੀ ਪਿਛੋਕੜ ਹੈ, ਜਿਸ ਕਰਕੇ ਹਿੰਦੀ-ਵਿਰੋਧੀ ਸੰਘਰਸ਼ ਸ਼ੁਰੂ ਹੋਇਆ। ਫਿਰ ਵੀ 1959 ਦੇ ਆਰੰਭਕ ਸਮਿਆਂ 'ਚ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਜੀ ਨੇ ਇਹ ਵਾਅਦਾ ਭਾਰਤ ਦੀ ਲੋਕ ਸਭਾ 'ਚ ਕੀਤਾ ਕਿ ਅੰਗਰੇਜ਼ੀ ਭਾਸ਼ਾ ਦਫ਼ਤਰੀ ਭਾਸ਼ਾ ਬਣੀ ਰਹੇਗੀ, ਜਿੰਨੀ ਦੇਰ ਤੱਕ ਹਿੰਦੀ ਨਾ ਬੋਲਣ ਵਾਲੇ ਲੋਕ ਇਸ ਨੂੰ ਚਾਹੁੰਦੇ ਹਨ।

ਤਾਮਿਲਨਾਡੂ ਦੇ ਲੋਕਾਂ ਦਾ ਹਿੰਦੀ ਵਿਰੁੱਧ ਡਟੇ ਰਹਿਣਾ ਕੀ ਹੈ? ਤਾਮਿਲਨਾਡੂ ਦੇ ਨੇਤਾਵਾਂ ਨੂੰ ਇਸ ਗੱਲ ਦਾ ਅਕਸਰ ਦੁੱਖ ਹੈ ਕਿ ਉਹ ਇਸ ਗੱਲ ਦਾ ਜ਼ੋਰ ਨਾਲ ਵਿਰੋਧ ਆਪਣੇ ਅੰਦਰੋਂ, ਸਵੈ-ਇੱਛਤ ਤੌਰ 'ਤੇ ਉਹ ਹਿੰਦੀ ਭਾਸ਼ਾ ਦੀ ਪੜ੍ਹਾਈ ਦੇ ਹੱਕ ਵਿਚ, ਵਿਰੋਧ ਨਹੀਂ ਕਰਦੇ ਤੇ ਪਿੱਛੇ ਇਸ 'ਚ ਰੁਕਾਵਟ ਨਾ ਬਣ ਕੇ, 'ਦੱਖਣੀ ਭਾਰਤੀ ਹਿੰਦੀ ਪ੍ਰਚਾਰ ਸਭਾ' ਜਿਸ ਦੀ ਚੇਨਈ 'ਚ ਸਥਾਪਨਾ 1918 ਵਿਚ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ, ਉਹ ਇਸ ਲਈ ਕੰਮ ਕਰਦੇ ਹਨ। ਇਸ ਸੰਸਥਾ ਦੀ ਹਿੰਦੀ ਭਾਸ਼ਾ ਲਈ ਬੜੀ ਦੇਣ ਹੈ। ਇਸ ਸੰਸਥਾ ਨੇ ਹਿੰਦੀ ਦੀ ਪੜ੍ਹਾਈ ਨੂੰ ਅਲੱਗ-ਅਲੱਗ ਪੱਧਰ 'ਤੇ ਜੋ ਵੀ ਹਿੰਦੀ ਭਾਸ਼ਾ ਪੜ੍ਹਨ ਲਈ ਆਇਆ, ਉਸ ਲਈ ਮਦਦ ਕੀਤੀ ਹੈ। ਇੱਥੇ ਇਹ ਗੱਲ ਵੀ ਸਪਸ਼ਟ ਕਰਨੀ ਬਣਦੀ ਹੈ ਕਿ ਪ੍ਰਾਈਵੇਟ ਸਕੂਲਾਂ 'ਚ ਜਿਹੜੇ ਕਿ ਕੇਂਦਰੀ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨਾਲ ਜੁੜੇ ਹੋਏ ਹਨ, ਉਹਨਾਂ 'ਚ ਹਿੰਦੀ ਪੜ੍ਹਾਈ 'ਤੇ ਕੋਈ ਰੋਕ ਨਹੀਂ ਹੈ ਤੇ ਉਹ ਖੁੱਲ੍ਹ ਕੇ ਹਿੰਦੀ ਪੜ੍ਹਾਉਂਦੇ ਹਨ।

ਇਹ ਸੂਬਾ ਦੋ-ਭਾਸ਼ਾਈ ਫਾਰਮੂਲੇ ਨੂੰ ਕਈ ਦਹਾਕਿਆਂ ਤੋਂ ਅੰਗਰੇਜ਼ੀ ਦੇ ਨਾਲ ਉਥੋਂ ਦੀ ਸਥਾਨਕ ਭਾਸ਼ਾ ਤਾਮਿਲ ਨੂੰ ਜ਼ਰੂਰੀ ਵਿਸ਼ਿਆਂ ਵਜੋਂ ਸਕੂਲਾਂ 'ਚ ਪੜ੍ਹਾ ਰਿਹਾ ਹੈ। ਸੰਨ 2006 ਤੋਂ ਕਈ ਤਾਮਿਲ ਭਾਸ਼ਾ ਨੂੰ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਦਾ ਵਿਰੋਧ ਕਰਦੇ ਹਨ ਤੇ ਉਸਦੀ ਜਗ੍ਹਾ ਆਪਣੀ ਸਵੈ-ਇੱਛਾ ਨਾਲ ਹਿੰਦੀ ਭਾਸ਼ਾ ਨੂੰ ਜਾਂ ਸੰਸਕ੍ਰਿਤ ਭਾਸ਼ਾ ਨੂੰ ਪ੍ਰਾਈਵੇਟ ਸਕੂਲਾਂ 'ਚ ਪੜ੍ਹਦੇ ਹਨ। ਸੂਬਾ ਸਰਕਾਰ ਨੇ 'ਤਾਮਿਲਨਾਡੂ ਤਾਮਿਲ ਭਾਸ਼ਾ ਲਰਨਿੰਗ ਐਕਟ' ਬਣਾਇਆ ਹੈ। ਇਸ ਕਾਨੂੰਨ ਦੇ ਤਹਿਤ ਸਕੂਲਾਂ 'ਚ ਤਾਮਿਲ ਭਾਸ਼ਾ ਨੂੰ ਇਕ ਜ਼ਰੂਰੀ ਵਿਸ਼ੇ ਵਜੋਂ ਲਾਗੂ ਕੀਤਾ ਗਿਆ ਹੈ।

ਤਾਮਿਲਨਾਡੂ ਸਟੇਟ ਨੇ ਕੇਂਦਰ ਸਰਕਾਰ ਵੱਲੋਂ ਸੂਬੇ 'ਚ ਖੋਲ੍ਹੇ ਗਏ ਨਵੋਦਿਆ ਸਕੂਲਾਂ ਦਾ ਵੀ ਵਿਰੋਧ ਕੀਤਾ ਹੈ। ਹਿੰਦੀ ਦਾ ਵਿਰੋਧ ਕਰਨ ਨਾਲ ਇਕ ਮਹੱਤਵਪੂਰਨ ਪੱਖ ਜ਼ਰੂਰ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਤਾਮਿਲਨਾਡੂ ਦੇ ਬਹੁਤ ਸਾਰੇ ਲੋਕ ਇਹ ਦੇਖ ਰਹੇ ਹਨ ਕਿ ਵਿਰੋਧ ਦਾ ਕਾਰਨ ਇਹ ਹੈ ਕਿ ਅੰਗਰੇਜ਼ੀ ਭਾਸ਼ਾ ਨੂੰ ਬਚਾਈ ਰੱਖਿਆ ਜਾਵੇ। ਅੰਗਰੇਜ਼ੀ ਨੂੰ ਹੱਥੋਂ ਨਾ ਜਾਣ ਦੇਣਾ ਹੀ ਇਸ ਲਈ ਹਿੰਦੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਹਿੰਦੀ ਭਾਸ਼ਾ ਨੂੰ ਜਿੱਥੋਂ ਤੱਕ ਦੇਖਿਆ ਜਾਵੇ ਤਾਂ ਸਾਨੂੰ ਇਹ ਹਰ ਪ੍ਰਕਾਰ ਦਾ ਗਿਆਨ ਦੇਣ ਦੇ ਸਮਰੱਥ ਹੈ ਤੇ ਭਾਰਤ ਦੇ ਕਈ ਵੱਡੇ ਤੇ ਛੋਟੇ ਸੂਬਿਆਂ 'ਚ, ਦੱਖਣ ਦੇ ਕੁਝ ਸੂਬਿਆਂ ਨੂੰ ਛੱਡ ਕੇ ਪੰਜਾਬ ਸਮੇਤ, ਵਿਚ ਬੋਲੀ ਜਾਂਦੀ ਹੈ। ਮੌਜੂਦਾ ਸਮੇਂ 'ਚ ਹਿੰਦੀ ਭਾਸ਼ਾ 'ਚ ਬਹੁਤ ਵੱਡੀ ਪੱਧਰ 'ਤੇ ਸਾਹਿਤ ਰਚਿਆ ਜਾ ਰਿਹਾ ਹੈ ਤੇ ਹਿੰਦੀ ਭਾਸ਼ਾ ਦੇ ਉਜਵਲੇ ਭਵਿੱਖ ਲਈ ਹਾਮੀ ਭਰਦਾ ਹੈ। ਇਸ ਦੇ ਰਾਹ 'ਚ ਜੋ ਖਾਈ ਪੁੱਟਦੇ ਹਨ ਤੇ ਹਿੰਦੀ ਭਾਸ਼ਾ ਦਾ ਵਿਰੋਧ ਕਰਦੇ ਹਨ ਤੇ ਵਿਰੋਧ ਕਰਨ 'ਚ ਹੀ ਵਿਸ਼ਵਾਸ ਰੱਖਦੇ ਹਨ, ਉਹ ਇਸ ਵਿਰੋਧ ਨੂੰ ਲਗਾਤਾਰ ਜਾਰੀ ਰੱਖਣਾ ਚਾਹੁੰਦੇ ਹਨ ਤੇ ਅੰਗਰੇਜ਼ੀ ਭਾਸ਼ਾ ਨੂੰ ਦੇਸ਼ 'ਚ ਸੰਪਰਕ ਭਾਸ਼ਾ ਵਜੋਂ ਬਣਾਈ ਰੱਖਣਾ ਚਾਹੁੰਦੇ ਹਨ।



ਪ੍ਰੋ: ਐਚ.ਐਲ.ਕਪੂਰ

ਉਰਦੂ ਭਾਸ਼ਾ ਦੀ ਤਰੱਕੀ ਲਈ ਉਪਰਾਲੇ- 1972 'ਚ ਭਾਰਤ ਸਰਕਾਰ ਨੇ ਸ੍ਰੀ ਆਈ. ਕੇ. ਗੁਜਰਾਲ ਦੀ ਚੇਅਰਮੈਨਸ਼ਿਪ ਵਿਚ ਉਰਦੂ ਭਾਸ਼ਾ ਦੀ ਤਰੱਕੀ ਲਈ ਇਕ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਕਮੇਟੀ ਨੇ 1975 'ਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ।

ਇਸ ਰਿਪੋਰਟ 'ਚ ਇਹ ਕਿਹਾ ਗਿਆ ਕਿ 10 ਪ੍ਰਤੀਸ਼ਤ ਘੱਟ ਗਿਣਤੀ ਦੇ ਉਹ ਲੋਕ ਜੋ ਉਰਦੂ ਬੋਲਦੇ ਹਨ, ਉਹਨਾਂ ਦੇ ਉਰਦੂ ਬੋਲਣ ਦੇ ਅਧਿਕਾਰ ਨੂੰ ਸੁਰੱਖਿਅਤ ਕਰ ਦਿੱਤਾ ਗਿਆ ਹੈ ਤੇ ਉਹ ਆਪਣਾ ਸਰਕਾਰੀ ਜਾਂ ਗੈਰ ਸਰਕਾਰੀ ਕੰਮ ਕਰਾਉਣ ਲਈ ਦਫ਼ਤਰਾਂ 'ਚ ਉਰਦੂ ਭਾਸ਼ਾ 'ਚ ਬਿਨੈ ਪੱਤਰ ਦੇ ਕੇ ਆਪਣਾ ਕੰਮ ਕਰਵਾ ਸਕਦੇ ਹਨ। ਸੰਨ 1979 'ਚ ਕੈਬਨਿਟ ਨੇ ਇਸ 'ਤੇ ਸੋਚ-ਵਿਚਾਰ ਕਰਨ ਤੋਂ ਬਾਅਦ ਤੇ 'ਤਾਰੀਖ-ਏ-ਉਰਦੂ' ਨੇ 1979 ਤੋਂ 1983 ਤੱਕ, ਇਸ ਰਿ-ਪੋਰਟ 'ਚ ਗੁਜਰਾਲ ਕਮੇਟੀ ਤੋਂ ਕੁਝ ਸੁਧਾਈ ਕਰਵਾ ਕੇ ਇਸ ਨੂੰ ਸਟੇਟ ਸਰਕਾਰ ਤੋਂ 1984 'ਚ ਪਾਸ ਕਰਵਾ ਲਿਆ।

ਮਾਹਿਰਾਂ ਦੀ ਇਕ ਨਵੀਂ ਕਮੇਟੀ ਦੀ ਸਥਾਪਨਾ 1990 'ਚ ਅਲੀ ਸਰਦਾਰ ਜਾਫਰੀ ਦੀ ਚੇਅਰਮੈਨਸ਼ਿਪ 'ਚ ਕੀਤੀ ਗਈ। ਇਸ ਕਮੇਟੀ ਨੇ ਸਿਰਫ ਇਹ ਦੇਖਣਾ ਸੀ ਕਿ ਗੁਜਰਾਲ ਕਮੇਟੀ ਦੀ ਰਿਪੋਰਟ 'ਚ ਕੋਈ ਕਮੀ-ਪੇਸ਼ੀ ਤਾਂ ਨਹੀਂ ਹੈ। ਇਸ ਕਮੇਟੀ ਨੇ ਸੁਧਾਈ ਗਈ ਤਿੰਨ-ਭਾਸ਼ਾਈ ਫਾਰਮੂਲੇ ਨੂੰ ਹਿੰਦੀ ਬੋਲਦੇ ਸੂਬਿਆਂ 'ਚ (ੳ) ਹਿੰਦੀ (ਇਸ ਦੇ ਨਾਲ ਸੰਸਕ੍ਰਿਤ ਭਾਸ਼ਾ ਨੂੰ ਕੋਰਸ ਵਜੋਂ ਸੰਯੁਕਤ ਕਰਕੇ), (ਅ) ਉਰਦੂ ਜਾਂ ਕੋਈ ਆਧੁਨਿਕ ਭਾਰਤੀ ਭਾਸ਼ਾ ਤੇ (ੲ) ਅੰਗਰੇਜ਼ੀ ਜਾਂ ਕੋਈ ਵੀ ਆਧੁਨਿਕ ਯੂਰਪੀਅਨ ਭਾਸ਼ਾ। ਹਿੰਦੀ ਨਾ ਬੋਲਣ ਵਾਲੇ ਸੂਬਿਆਂ 'ਚ (ੳ) ਉਸ ਸੂਬੇ ਦੀ ਸਥਾਨਕ ਭਾਸ਼ਾ, (ਅ) ਹਿੰਦੀ, (ੲ) ਉਰਦੂ ਜਾਂ ਕੋਈ ਵੀ ਆਧੁਨਿਕ ਭਾਰਤੀ ਭਾਸ਼ਾ ਤੋਂ ਇਲਾਵਾ (ੳ) ਅਤੇ (ਅ) ਅਤੇ (ੲ) ਅੰਗਰੇਜ਼ੀ ਜਾਂ ਕੋਈ ਵੀ ਦੂਸਰੀ ਆਧੁਨਿਕ ਯੂਰਪੀਨ ਭਾਸ਼ਾ।'' ਸੀ. ਐਨ. ਅਨਾਦੁਰਾਈ ਉਸ ਸਮੇਂ ਤਾਮਿਲਨਾਡੂ ਦੇ ਮੁੱਖ ਮੰਤਰੀ ਸਨ, ਨੇ ਹਿੰਦੀ ਦੀ ਪੜ੍ਹਾਈ ਨੂੰ ਤਾਮਿਲਨਾਡੂ 'ਚ ਲਾਗੂ ਨਾ ਕਰਨ ਦਾ ਸਖ਼ਤ ਵਿਰੋਧ ਕੀਤਾ, ''ਸਾਡੇ ਨਾਲ ਸੰਪਰਕ ਸਾਧਨ ਲਈ ਭਾਰਤ 'ਚ ਸਾਨੂੰ ਕੀ ਪਰੋਸਿਆ ਜਾ ਰਿਹਾ ਹੈ, ਜਦਕਿ ਬਾਹਰੀ ਸੰਸਾਰ ਨਾਲ ਅਵੱਸ਼ ਹੀ ਯੋਗ ਪ੍ਰਗਟਾ ਕਰਨ ਲਈ ਸਾਨੂੰ ਕੋਈ ਅਜਿਹਾ ਯੋਗ ਸਾਧਨ ਚਾਹੀਦਾ ਹੈ। ਦੋ ਭਾਸ਼ਾਵਾਂ ਨੂੰ ਸੰਪਰਕ ਭਾਸ਼ਾ ਬਣਾਉਣ ਲਈ ਵਕਾਲਤ ਕੀਤੀ ਜਾ ਰਹੀ ਹੈ। ਇਹ ਤਾਂ ਉਵੇਂ ਹੈ ਜਿਵੇਂ; ਕਿਸੇ ਦੀਵਾਰ 'ਚ ਕੋਈ ਛੋਟੀ ਮੋਰੀ ਕਰਕੇ ਉਸ ਵਿਚ ਦੀ ਕਿਸੇ ਛੋਟੇ ਬਲੂੰਗੜੇ ਨੂੰ ਲੰਘਾਉਣਾ ਹੋਵੇ, ਇਸ ਵਿਚ ਦੀ ਵੱਡੀ ਬਿੱਲੀ ਨੂੰ ਲੰਘਾਉਣ ਲਈ ਵੱਡੇ ਸੁਰਾਖ ਦੀ ਲੋੜ ਹੈ। ਬਿੱਲੀ ਲਈ ਕੀ ਉਚਿਤ ਹੋਵੇਗਾ, ਜ਼ਰੂਰੀ ਨਹੀਂ ਕਿ ਉਹ ਬਲੂੰਗੜੇ ਲਈ ਵੀ ਉਚਿਤ ਹੋਵੇ।'' ਕਾਲਜਾਂ ਤੇ ਯੂਨੀਵਰਸਿਟੀਆਂ 'ਚ ਉੱਚ ਸਿੱਖਿਆ ਪ੍ਰਾਪਤ ਕਰਨ ਲਈ, ਇਹ ਫਾਰਮੂਲਾ ਅਸਫਲ ਸਾਬਤ ਹੋਇਆ ਹੈ। ਪੈਨਸਲਵੇਨੀਆ ਦੀ ਯੂਨੀਵਰਸਿਟੀ ਦੇ ਹਾਰੋਲਡ ਸਕਿਫਮੈਨ ਜੋ ਕਿ ਦ੍ਰਾਵਿੜੀਅਨ ਸਭਿਆਚਾਰ ਦੇ ਮਾਹਿਰ ਸੀ, ਨੇ ਇਸ ਫਾਰਮੂਲੇ 'ਤੇ ਇਹ ਟਿੱਪਣੀ ਕੀਤੀ ਕਿ, ''ਇਹ ਅਸਲੀਅਤ 'ਚ ਪੜ੍ਹਾ ਪਾਉਣ ਵਾਲਾ ਸਨਮਾਨ ਹੈ।'' ਤੇ ਇਹ ਇਕ ਕੌਮੀ ਭਾਸ਼ਾ 'ਚ ਅਣਹੋਂਦ ਦਾ ਸੰਕੇਤਕ ਚਿੰਨ੍ਹ ਹੈ, ਇਹ ਅੰਗਰੇਜ਼ੀ ਭਾਸ਼ਾ ਲਈ ਪ੍ਰਵਿਰਤੀ ਹੈ ਕਿ ਉਹ ਭਾਰਤ 'ਚ ਇਕ ਸਾਧਨ ਰੂਪ ਸਹਾਇਕਾ ਵਜੋਂ ਲਾਗੂ ਹੋ ਜਾਵੇ। ਹਾਰਵਡ ਯੂਨੀਵਰਸਿਟੀ ਦੇ ਰਾਜਨੀਤਿਕ ਵਿਗਿਆਨੀ ਬਰੇਨ ਵੀਏਨਮਟਨ ਕਹਿੰਦੇ ਹਨ ਕਿ, ''ਨਾ ਹਿੰਦੀ, ਨਾ ਗੈਰ ਹਿੰਦੀ ਬੋਲਣ ਵਾਲੇ ਸੂਬਿਆਂ ਨੇ 1968 ਦੇ ਫਾਰਮੂਲੇ ਨੂੰ ਮੰਨ ਲਿਆ ਹੈ।''

# ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਵਿਸ਼ੇਸ਼ ਸਨਮਾਨ ਸਮਾਗਮ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)-** ਸੀਨੀਅਰ ਸਿਟੀਜ਼ਨ ਕੌਂਸਲ ਚੰਡੀਗੜ੍ਹ ਵੱਲੋਂ ਇਕ ਵਿਸ਼ੇਸ਼ ਸਮਾਗਮ ਕਮਿਊਨਿਟੀ ਸੈਂਟਰ, ਸੈਕਟਰ-37 ਚੰਡੀਗੜ੍ਹ ਵਿਖੇ ਐਸ.ਡੀ. ਕਾਲੀਆ ਪ੍ਰਧਾਨ ਅਤੇ ਭਗਤ ਰਾਮ ਰੰਗਾੜਾ, ਸਕੱਤਰ ਜਨਰਲ ਕੌਂਸਲ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾ. ਮਨਜੀਤ ਸਿੰਘ ਬੱਲ, ਸਾਬਕਾ ਪ੍ਰੋਫੈਸਰ ਅਤੇ ਵਿਭਾਗ ਦੇ ਮੁੱਖੀ, ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਹਾਜ਼ਰ ਸਨ। ਭਗਤ ਰਾਮ ਰੰਗਾੜਾ ਨੇ ਕੌਂਸਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਦ ਕਿ ਐਸ.ਡੀ. ਕਾਲੀਆ ਪ੍ਰਧਾਨ ਕੌਂਸਲ ਨੇ ਮੁੱਖ ਮਹਿਮਾਨ ਅਤੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਸਭ ਤੋਂ ਪਹਿਲਾਂ ਸੰਸਥਾ ਦੇ ਸਦੀਵੀ ਵਿਛੋੜਾ ਦੇ ਗਏ ਸਾਬੀ ਬਰਗੇਡੀਅਰ ਸੁਰਿੰਦਰ ਸਿੰਘ ਨਕੱਈ, ਸਲਾਹਕਾਰ, ਐਮ.ਐਲ. ਗੋਇਲ ਅਤੇ ਡਾ. ਵੇਦ ਪ੍ਰਕਾਸ਼ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਡਾ. ਮਨਜੀਤ ਸਿੰਘ ਬੱਲ ਨੇ ਬਜ਼ੁਰਗ ਅਵੱਸਥਾ ਦੀਆਂ ਸਮੱਸਿਆਵਾਂ ਦੇ ਵਿਸ਼ੇ ਤੇ ਗਿਆਨ-ਭਰਪੂਰ ਚਾਨਣਾ ਪਾਇਆ ਤੇ ਕੌਂਸਲ ਦੀਆਂ ਗਤੀਵਿਧੀਆਂ ਤੇ ਖ਼ੁਸ਼ੀ ਪ੍ਰਗਟਾਉਂਦੇ ਹੋਏ ਸੀਨੀਅਰ



ਸਿਟੀਜ਼ਨਜ਼ ਨੂੰ ਆਪਣੇ ਆਪ ਨੂੰ ਵਿਅਸਤ ਰੱਖਣ ਅਤੇ ਖੁਸ਼-ਪ੍ਰਸੰਨ ਰਹਿਣ ਦੀ ਸਲਾਹ ਦਿੱਤੀ। ਸਮਾਗਮ ਦੌਰਾਨ ਕੌਂਸਲ ਵੱਲੋਂ ਡਾ. ਬੱਲ ਨੂੰ ਉਨਾਂ ਦੀਆਂ ਸਾਹਿਤਕ, ਸਮਾਜਿਕ ਅਤੇ ਸਿਹਤ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਨਮਾਨਿਤ ਕੀਤਾ ਗਿਆ। ਜਿਨਾਂ ਸੀਨੀਅਰ ਸਿਟੀਜ਼ਨਜ਼ ਦੇ ਜਨਮ ਦਿਨ ਸਤੰਬਰ ਮਹੀਨੇ ਵਿੱਚ ਸਨ, ਉਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਕੌਂਸਲ ਦਾ ਰੰਗਾ-ਰੰਗ ਪ੍ਰੋਗਰਾਮ ਵੀ ਖੂਬ ਰਿਹਾ, ਜਿਸ ਵਿੱਚ ਜਗਤਾਰ ਸਿੰਘ ਜੋਗ, ਸਤੀਸ਼ ਮਧੋਕ, ਡਾ. ਮਿਸਿਜ਼ ਗੋਇਲ, ਸਰਬਜੀਤ ਕੌਰ ਸਾਹਵੀ, ਸੰਤੋਖ ਸਿੰਘ ਚਾਵਲਾ, ਧਿਆਨ ਸਿੰਘ ਕਾਹਲੋਂ, ਵੇਦ ਪ੍ਰਕਾਸ਼, ਐਸ.ਐਨ. ਤਰਿਖਾ, ਇੰਜ. ਵੇਦ ਪ੍ਰਕਾਸ਼, ਪੁਸ਼ਪ ਲਤਾ ਅਤੇ ਸੁਸ਼ਮਾ ਲੂਥਰਾ ਆਦਿ ਨੇ ਭਾਗ ਲਿਆ, ਜਿਸ ਦਾ ਸਰੋਤਿਆਂ ਨੇ ਖੂਬ ਅਨੰਦ ਮਾਣਿਆ। ਸਮਾਗਮ ਦੀ ਹਾਜ਼ਰੀ ਬੜੀ ਭਰਵੀਂ ਸੀ ਜਿਸ ਵਿੱਚ ਵਿਸ਼ੇਸ਼ ਤੌਰ ਤੇ ਜੰਗ ਬਹਾਦਰ ਗੋਇਲ ਆਈ. ਏ. ਐਸ. (ਰਿਟਾ.), ਜਗਪਾਲ ਸਿੰਘ, ਆਈ. ਏ. ਐਫ. (ਰਿਟਾ.), ਦੀਦਾਰ ਸਿੰਘ ਅਤੇ ਸਰਦੂਲ ਸਿੰਘ ਪਪੀਹਾ ਆਦਿ ਹਾਜ਼ਰ ਸਨ। ਸਟੇਜ ਦੀ ਕਾਰਵਾਈ ਭਗਤ ਰਾਮ ਰੰਗਾੜਾ ਵੱਲੋਂ ਬਾ-ਖੂਬੀ ਨਿਭਾਈ ਗਈ।

# ਯੁੱਗ ਪਲਟਾਊ ਰਹਿਬਰ- ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ



ਕੁਲਵੰਤ ਸਿੰਘ ਟਿੱਬਾ
91-92179-71379

6 ਦਸੰਬਰ 1956 ਨੂੰ ਦਲਿਤਾਂ ਦੇ ਮੁਕਤੀਦਾਤਾ ਭਾਰਤ ਰਤਨ ਬਾਬਾ ਸਾਹਿਬ ਡਾ: ਬੀ.ਆਰ. ਅੰਬੇਡਕਰ ਦੇ ਅਚਾਨਕ ਅਕਾਲ ਚਲਾਣੇ ਤੋਂ ਬਾਅਦ ਦਬੇ-ਕੁਚਲੇ ਲੋਕਾਂ ਦੇ ਸੰਘਰਸ਼ ਵਿੱਚ ਖੜੋਤ ਆ ਗਈ ਸੀ ਅਤੇ ਸਮੇਂ ਦੇ ਨਾਲ਼-ਨਾਲ਼ ਹੌਲ਼ੀ-ਹੌਲ਼ੀ ਬਾਬਾ ਸਾਹਿਬ ਦਾ ਨਾਮ ਆਮ ਲੋਕਾਂ ਦੀ ਜ਼ੁਬਾਨ ਤੋਂ ਗ਼ਾਇਬ ਹੋਣ ਲੱਗ ਪਿਆ ਸੀ। ਫਿਰ ਅਚਾਨਕ 10 ਕੁ ਸਾਲ ਦੇ ਵਕਫ਼ੇ ਪਿੱਛੋਂ 1965 ਵਿੱਚ ਦਲਿਤ ਲੀਡਰਸ਼ਿਪ ਦਾ ਇਹ ਖੱਪਾ ਪੰਜਾਬ ਵਿੱਚ ਜਨਮੇ ਸ਼੍ਰੀ ਕਾਂਸ਼ੀ ਰਾਮ ਨੇ ਭਰਿਆ।

ਕਾਂਸ਼ੀ ਰਾਮ ਜੀ ਦਾ ਜਨਮ 15 ਮਾਰਚ 1934 ਨੂੰ ਪਿਤਾ ਸ਼੍ਰੀ ਹਰੀ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਰੋਪੜ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਬੁੰਗਾ ਸਾਹਿਬ ਵਿਖੇ ਆਪਣੇ ਨਾਨਕੇ ਘਰ ਵਿਖੇ ਹੋਇਆ ਜਦਕਿ ਸ਼੍ਰੀ ਕਾਂਸੀ ਰਾਮ ਜੀ ਦਾ ਪਿੰਡ ਖੁਆਸਪੁਰ ਜ਼ਿਲ੍ਹਾ ਰੋਪੜ ਹੈ। ਸਧਾਰਨ ਪਰਿਵਾਰ ਵਿੱਚ ਜਨਮੇ ਸ਼੍ਰੀ ਕਾਂਸ਼ੀ ਰਾਮ ਜੀ ਬਾਰੇ ਕਦੇ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਰਾਜਨੀਤੀ ਤੋਂ ਦੂਰ ਗਰੀਬ ਪਰਿਵਾਰ ਦੇ ਇਸ ਲਾਡਲੇ ਸਪੂਤ ਨੇ ਕਿਸੇ ਦਿਨ ਭਾਰਤ ਦੀ ਰਾਜਨੀਤੀ ਨੂੰ ਇੱਕ ਨਵੀਂ ਦਿਸ਼ਾ ਦੇ ਕੇ ਦਲਿਤ ਰਾਜਨੀਤੀ ਦੀ ਸ਼ੁਰੂਆਤ ਕਰਨੀ ਹੈ। ਸਾਹਿਬ ਕਾਂਸ਼ੀ ਰਾਮ ਜੀ ਬਚਪਨ ਤੋਂ ਹੀ ਸਰੀਰਕ ਤੌਰ 'ਤੇ ਤਕੜੇ ਹੋਣ ਕਾਰਣ ਪਹਿਲਵਾਨੀ ਦਾ ਸ਼ੌਕ ਰੱਖਦੇ ਸਨ । ਪੜ੍ਹਾਈ ਨਾਲ਼ ਵੀ ਉਹਨਾਂ ਨੂੰ ਬਹੁਤ ਜ਼ਿਆਦਾ ਲਗਾਅ ਸੀ। ਉਹਨਾਂ ਦਾ ਸੁਪਨਾ ਤਾਂ ਇੱਕ ਉੱਚ ਕੋਟੀ ਦਾ ਵਿਗਿਆਨੀ ਬਣਨਾ ਸੀ। ਬੀ. ਐਸ. ਸੀ. ਕਰਨ ਤੋਂ ਬਾਅਦ ਸ਼੍ਰੀ ਕਾਂਸ਼ੀ ਰਾਮ ਜੀ ਪੂਨੇ ਵਿਖੇ ਡੀ. ਆਰ. ਡੀ. ਓ. ਵਿੱਚ ਸਹਾਇਕ ਵਿਗਿਆਨੀ ਦੀ ਨੌਕਰੀ 'ਤੇ ਜਾ ਲੱਗੇ। ਇਸ ਦੌਰਾਨ ਹੀ ਉਹਨਾਂ ਦੀ ਮੰਗਣੀ ਬਲਾਚੌਰ ਦੇ ਕਾਂਗਰਸੀ ਵਿਧਾਇਕ ਮੂਲ਼ਾ ਸਿੰਘ ਦੀ ਪੁੱਤਰੀ ਨਾਲ਼ ਹੋ ਗਈ। ਕਾਂਸ਼ੀ ਰਾਮ ਜੀ ਨੇ ਦੀਨਾ ਭਾਨਾ ਤੋਂ ਬਾਬਾ ਸਾਹਿਬ ਦੀ ਲਿਖੀ 'ਜਾਤ-ਪਾਤ ਦਾ ਬੀਜ ਨਾਸ' ਨਾਂਅ ਦੀ ਇੱਕ ਕਿਤਾਬ ਲਿਆ ਕੇ ਪੜ੍ਹਨ 'ਤੇ ਕਾਂਸ਼ੀ ਰਾਮ ਜੀ ਦਾ ਮਨ ਪੂਰੀ ਤਰ੍ਹਾਂ ਬਦਲ ਗਿਆ। ਉਹਨਾਂ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ 24 ਪੰਨਿਆਂ ਦੇ ਇੱਕ ਖਤ ਰਾਹੀਂ ਆਪਣੇ ਪਰਿਵਾਰ ਨੂੰ ਦੱਸ ਦਿੱਤਾ। ਉਹਨਾਂ ਨੇ ਆਪਣੀ ਮੰਗਣੀ ਤੋੜਨ ਬਾਰੇ ਆਪਣੀ ਮੰਗੇਤਰ ਨੂੰ ਵੀ ਕਹਿ ਦਿੱਤਾ।



ਪਹਿਲਾਂ ਉਹਨਾਂ ਮਹਾਰਾਸ਼ਟਰ ਵਿੱਚ ਰਿਪਬਲੀਕਨ ਪਾਰਟੀ ਆਫ ਇੰਡੀਆ ਨਾਲ਼ ਸੰਪਰਕ ਬਣਾਇਆ ਪਰ ਜਦੋਂ ਉਹਨਾਂ ਨੂੰ ਲੱਗਿਆ ਕਿ ਇਸ ਪਾਰਟੀ ਵਾਲ਼ੇ ਕੁਰਸੀ ਖ਼ਾਤਰ ਬਾਬਾ ਸਾਹਿਬ ਦੇ ਨਾਂਅ 'ਤੇ ਸੌਦੇਬਾਜ਼ੀਆਂ ਕਰ ਰਹੇ ਹਨ ਤਾਂ ਉਹਨਾਂ ਆਰ.ਪੀ.ਆਈ. ਨੂੰ ਛੱਡ ਦਿੱਤਾ। ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਨੂੰ ਦੇਸ਼ ਵਿੱਚ ਫੈਲਾਉਣ ਲਈ ਉਹਨਾਂ ਨੇ 1971 ਵਿੱਚ ਪੂਨੇ ਵਿਖੇ ਐਸ.ਸੀ., ਐਸ.ਟੀ., ਓ.ਬੀ.ਸੀ. ਐਂਡ ਮਾਇਨਾਰਿਟੀ ਕਮਿਊਨਿਟੀ ਇੰਪਲਾਈਜ਼ ਐਸੋਸੀਏਸ਼ਨ ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ 6 ਦਸੰਬਰ 1978 ਨੂੰ ਉਹਨਾਂ ਦਲਿਤਾਂ, ਪਛੜਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਨਾਲ਼ ਸੰਬੰਧਤ ਕਰਮਚਾਰੀਆਂ ਨੂੰ ਤਿਆਰ ਕਰ ਕੇ ਬਾਮਸੇਫ ਨਾਂਅ ਦੀ ਜਥੇਬੰਦੀ ਬਣਾਈ ਤਾਂ ਜੋ ਪੜ੍ਹੇ-ਲਿਖੇ ਮੁਲਾਜ਼ਮਾਂ ਨੂੰ ਅਗਲੇਰੇ ਰਾਜਨੀਤਕ ਸੰਘਰਸ਼ ਦੀ ਰੂਪ-ਰੇਖਾ ਤੈਅ ਕਰਨ ਲਈ ਤਿਆਰ ਕੀਤਾ ਜਾ ਸਕੇ। ਫਿਰ ਉਹਨਾਂ 6 ਦਸੰਬਰ 1981 ਨੂੰ ਡੀ.ਐਸ.ਫੋਰ (ਦਲਿਤ ਸ਼ੋਸਿਤ ਸਮਾਜ ਸੰਘਰਸ਼ ਸੰਮਤੀ) ਦੀ ਸਥਾਪਨਾ ਕੀਤੀ। ਬਾਮਸੇਫ ਵਿੱਚ ਕੰਮ ਕਰਨ ਵਾਲ਼ੇ ਮੁਲਾਜ਼ਮਾਂ ਨੇ ਇਸ ਜਥੇਬੰਦੀ ਵਿੱਚ ਸਮਾਜਿਕ ਸੰਘਰਸ਼ ਲਈ ਅਨਪੜ੍ਹ ਲੋਕਾਂ ਨੂੰ ਤਿਆਰ ਕਰਨ ਲਈ ਦਿਨ-ਰਾਤ ਮਿਹਨਤ ਕੀਤੀ। ਫਿਰ 14 ਅਪ੍ਰੈਲ 1984 ਨੂੰ ਰਾਜਨੀਤਕ ਸੰਘਰਸ਼ ਲਈ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ ਗਿਆ। ਇਸ ਸੰਗਠਨ ਰਾਹੀਂ ਸ਼੍ਰੀ ਕਾਂਸ਼ੀ ਰਾਮ ਨੇ ਬੇਸਮਝ ਲੋਕਾਂ ਨੂੰ ਵੀ ਤਿਆਰ ਕਰ ਕੇ ਦਿੱਲੀ ਦੇ ਸੁਪਨੇ ਦਿਖਾ ਦਿੱਤੇ। ਇੱਕ ਵਾਰ ਫਿਰ ਬਾਬਾ ਸਾਹਿਬ ਦਾ ਨਾਅਰਾ 'ਜੈ ਭੀਮ' ਲੋਕਾਂ ਦੀ ਜ਼ੁਬਾਨ 'ਤੇ ਆ ਗਿਆ।

ਉਹਨਾਂ ਨੇ ਅਨਪੜ੍ਹ ਲੋਕਾਂ ਨੂੰ ਸੌਖੇ ਤਰੀਕੇ ਨਾਲ਼ ਸਮਝਾਉਣ ਲਈ 15-85 ਦਾ ਫਾਰਮੂਲਾ ਦੱਸਿਆ ਕਿ 15 ਪ੍ਰਤੀਸ਼ਤ ਲੋਕ 85 ਪ੍ਰਤੀਸ਼ਤ ਲੋਕਾਂ 'ਤੇ ਰਾਜ ਕਰ ਰਹੇ ਹਨ। ਜੇ ਕਰ ਇਹਨਾਂ ਲੋਕਾਂ ਨੂੰ ਸਮਝ ਆ ਜਾਵੇ ਤਾਂ ਇਹ ਵੀ ਰਾਜ ਕਰ ਸਕਦੇ ਹਨ। ਉਹ ਬੰਦ ਕਲਮ ਨਾਲ਼ ਆਪਣਾ ਫ਼ਾਰਮੂਲਾ ਅਨਪੜ੍ਹ ਲੋਕਾਂ ਨੂੰ ਵੀ ਸਮਝਾਉਂਦੇਹੇ ਜਿਸ ਨਾਲ਼ ਆਮ ਵਿਅਕਤੀ ਵੀ ਇਸ ਨੂੰ ਸਮਝ ਗਿਆ। ਉਹਨਾਂ ਲੋਕਾਂ ਨੂੰ ਸਮਝਾਇਆ ਕਿ ਬਹੁਜਨ ਸਮਾਜ ਨੂੰ ਕ੍ਰਾਂਤੀ ਕਰਨ ਲਈ ਕਿਸੇ ਹਥਿਆਰਬੰਦ ਅੰਦੋਲਨ ਦੀ ਨਹੀਂ ਬਲਕਿ ਆਪਣੀ ਜ਼ਿਆਦਾ ਵੋਟ ਦੇ ਜ਼ਰੀਏ ਹੀ ਹਕੂਮਤ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ। ਉਹਨਾਂ ਦੀ ਲਹਿਰ ਸਦਕਾ ਹੀ ਯੂ.ਪੀ. ਵਿੱਚ ਉਹਨਾਂ ਦੇ ਹੁੰਦਿਆਂ ਹੀ ਤਿੰਨ ਵਾਰ ਬਸਪਾ ਦੀ ਸਰਕਾਰ ਬਣੀ ਅਤੇ ਉਹਨਾਂ ਤੋਂ ਬਾਅਦ ਚੌਥੀ ਵਾਰ ਵੀ ਸਰਕਾਰ ਬਣੀ ਹੈ। ਉਹਨਾਂ ਲੋਕਾਂ ਨੂੰ ਸਮਝਾਉਣ ਲਈ ਇੱਕ 'ਚਮਚਾ ਯੁਗ' ਨਾਂਅ ਦੀ ਕਿਤਾਬ ਵੀ ਲਿਖੀ ਜੋ ਕਿ ਬਹੁਜਨ ਲੋਕਾਂ ਨੂੰ ਸੇਧ ਦਿੰਦੀ ਹੈ। ਉਹਨਾਂ ਨੇ ਦਿੱਲੀ ਤੋਂ ਇੱਕ ਹਫ਼ਤਾਵਾਰੀ ਹਿੰਦੀ ਅਖ਼ਬਾਰ 'ਬਹੁਜਨ ਸੰਗਠਕ' ਵੀ ਕੱਢਿਆ ਜੋ ਕਿ ਅੱਜ ਵੀ ਜਾਰੀ ਹੈ। ਇਸ ਤੋਂ ਬਿਨਾਂ ਹੋਰ ਭਾਸ਼ਾਵਾਂ ਵਿੱਚ ਵੀ ਪਰਚੇ ਕੱਢੇ ਗਏ। ਉਹਨਾਂ ਆਪਣੇ ਮਿਸ਼ਨ ਦੇ ਪ੍ਰਚਾਰ ਲਈ ਦੇਸ਼ ਭਰ ਵਿੱਚ ਸਾਇਕਲ ਰੈਲੀਆਂ ਕਰ ਕੇ ਇੱਕ ਨਵੀਂ ਪਿਰਤ ਪਾਈ। ਕਾਂਸ਼ੀ ਰਾਮ ਜੀ ਨੂੰ ਪਾਰਟੀ ਵਰਕਰ ਪਿਆਰ ਨਾਲ਼ ਸਾਹਿਬ ਕਹਿ ਕੇ ਬੁਲਾਉਂਦੇ੧ਓਨ। ਉਹਨਾਂ ਨੇ ਦੂਸਰੀਆਂ ਪਾਰਟੀਆਂ ਨਾਲ਼ ਕਈ ਵਾਰ ਸਮਝੌਤੇ ਵੀ ਕੀਤੇ ਪਰ ਇਹ ਸਮਝੌਤੇ ਹਮੇਸ਼ਾ ਉਹਨਾਂ ਦੀਆਂ ਸ਼ਰਤਾਂ ਮੁਤਾਬਕ ਹੀ ਹੋਏ। ਅਚਾਨਕ ਆਪਣੀ ਮੰਜ਼ਲ ਤੋਂ ਥੋੜ੍ਹੇ ਕਦਮ ਪਹਿਲਾਂ ਹੀ 9 ਅਕਤੂਬਰ 2006 ਨੂੰ 20ਵੀਂ ਸਦੀ ਦੇ ਇਸ ਮਹਾਂਨਾਇਕ ਦੀ ਹੋਈ ਮੌਤ ਨੇ ਬਹੁਜਨ ਸਮਾਜ ਨੂੰ ਅਸਹਿ ਘਾਟਾ ਪਾਇਆ ਪਰ ਉਹਨਾਂ ਦੁਆਰਾ ਪੁਨਰ ਸੁਰਜੀਤ ਕੀਤੀ ਅੰਬੇਡਕਰਵਾਦ ਦੀ ਲਹਿਰ ਅੱਜ ਵੀ ਜਾਰੀ ਹੈ। ਕੁੱਲੀਆਂ ਅੱਗੇ ਮਹਿਲਾਂ ਨੂੰ ਝੁਕਣ ਲਈ ਮਜ਼ਬੂਰ ਕਰਨ ਵਾਲ਼ਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜਿਹਾ ਯੁੱਗ ਪਲਟਾਊ ਰਹਿਬਰ ਕਦੇ-ਕਦੇ ਹੀ ਪੈਦਾ ਹੁੰਦਾ ਹੈ।

# ਮੁਕਤੀ ਦਾਤਾ ਸਤਿਗੁਰੂ ਵਾਲਮੀਕ ਜੀ

ਸ਼ਾਮ ਸੌਂਧੀ

ਸਤਿਗੁਰੂ ਵਾਲਮੀਕ ਜੀ ਦੇ ਸ਼ਬਦਾਂ ਵਿਚ ਸੰਸਾਰ ਦੇ ਦੁੱਖਾਂ ਤੋਂ ਛੁਟਕਾਰੇ ਦਾ ਨਾਂ ਮੁਕਤੀ ਹੈ। ਗੁਰੂ ਜੀ ਦੇ ਸਿੱਖ ਪਾਰਦਵਾਜ ਨੇ ਬ੍ਰਹਮਾ ਤੋਂ ਜੀਵਨ ਮੁਕਤੀ ਦਾ ਦਾਨ ਮੰਗਿਆ ਕਿ ਸੰਸਾਰੀ ਜੀਵ ਸੰਸਾਰਕ ਦੁੱਖਾਂ 'ਚ ਗ੍ਰਸੇ ਹੋਏ ਹਨ। ਕਿਰਪਾ ਕਰਕੇ ਤੁਸੀਂ ਮੈਨੂੰ ਸੰਸਾਰੀ ਜੀਵਾਂ ਦੇ ਨਾਲ ਸੰਸਾਰਕ ਦੁੱਖਾਂ ਅਤੇ ਕਲੇਸ਼ਾਂ ਤੋਂ ਛੁਟਣ ਲਈ ਜੀਵਨ ਮੁਕਤੀ ਬਖਸ਼ੋ। ਇਸ ਕਾਰਜ ਦੀ ਪੂਰਤੀ ਲਈ ਬ੍ਰਹਮਾ ਭਾਰਦਵਾਜ ਨੂੰ ਨਾਲ ਲੈ ਕੇ ਵਾਲਮੀਕ ਜੀ ਦੇ ਆਸ਼ਰਮ ਵਿਚ ਪੁੱਜੇ। ਬ੍ਰਹਮਾ ਰਿਸ਼ੀ ਵਾਲਮੀਕ ਜੀ ਨੂੰ ਆਖਦੇ ਹਨ ਕਿ 'ਤੁਸਾਂ ਜੋ ਉਪਦੇਸ਼ ਆਪਣੇ ਸ਼ਿਸ਼ਾਂ ਨੂੰ ਦੇਣਾ ਸ਼ੁਰੂ ਕੀਤਾ ਹੋਇਆ ਹੈ, ਜੇ ਇਸ ਉਪਦੇਸ਼ ਨੂੰ ਲਿਖਿਆ ਜਾਵੇ ਤਾਂ ਜੋ ਪ੍ਰਾਣੀ ਇਸ ਗ੍ਰੰਥ ਨੂੰ ਪੜ੍ਹਨ-ਸੁਣਨਗੇ, ਉਹ ਭਵ ਸਾਗਰ ਤੋਂ ਪਾਰ ਹੋ ਜਾਣਗੇ। ਤੁਹਾਡਾ ਇਹ ਲਿਖਿਆ ਹੋਇਆ ਗ੍ਰੰਥ ਰਹਿੰਦੀ ਦੁਨੀਆਂ ਤੱਕ ਅਟਲ ਰਹੇਗਾ। ਇਸੇ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਸਮ ਗ੍ਰੰਥ ਵਿਚ ਕਿਹਾ ਹੈ:

''ਰਾਮ ਕਥਾ ਜਗੋ ਜੁਗ ਅਟਲ''

ਬ੍ਰਹਮਾ ਨੇ ਆਖਿਆ, ''ਇਹੋ ਗੱਲ ਕਹਿਣ ਲਈ ਮੈਂ ਇੱਥੇ ਤੁਹਾਡੇ ਪਾਸ ਆਇਆ ਹਾਂ।'' ਬ੍ਰਹਮਾ ਦੀ ਬੇਨਤੀ ਪ੍ਰਵਾਨ ਹੋ ਗਈ ਤੇ ਮਹਾਂ ਰਮਾਇਣ ਗ੍ਰੰਥ ਲਿਖਿਆ ਗਿਆ।''

ਬਾਅਦ ਵਿਚ ਇਹੋ ਗ੍ਰੰਥ ਸੁਣਾ ਕੇ ਸਤਿਗੁਰੂ ਵਾਲਮੀਕ ਜੀ ਨੇ ਰਾਜਾ ਅਸ਼ਟਰ ਨੇਮੀ ਦਾ ਦੁੱਖ ਦੂਰ ਕੀਤਾ।

ਇੰਦਰ ਆਪਣੇ ਦੇਵ ਦੂਤ ਨੂੰ ਰਾਜਾ ਅਸ਼ਟਰ ਨੇਮੀ ਦੇ ਪਾਸ ਭੇਜ ਕੇ ਕਹਿੰਦਾ ਹੈ ਕਿ ਤੁਸੀਂ ਉਸ ਵੈਰਾਗੀ ਰਾਜਾ ਨੂੰ ਯਥਾਰਥ ਆਤਮ ਗਿਆਨ ਦੀ ਪ੍ਰਾਪਤੀ ਲਈ ਤਤਵਾਂ ਦੇ ਗਿਆਤਾ ਮਹਾਂਰਿਸ਼ੀ ਵਾਲਮੀਕ ਦੇ ਆਸ਼ਰਮ ਵਿਚ ਲੈ ਕੇ ਜਾਓ ਅਤੇ ਮਹਾਂਰਿਸ਼ੀ ਵਾਲਮੀਕ ਜੀ ਨੂੰ ਮੇਰਾ ਬੇਨਤੀ ਪੱਤਰ ਦੇਣਾ, ਜਿਸ ਵਿਚ ਕਿਹਾ ਗਿਆ ਸੀ, ਐ ਮਹਾ ਮੁਨੀ, ਮਹਾਂ ਰਿਸ਼ੀ ਪ੍ਰਵਰ ਹਿਸ ਵਿਨੈਯਸ਼ੀਲ ਬੀਤ ਰਾਗ ਤਥਾ ਸਵਰਗ ਵਰਗੇ ਸੁਖ-ਸਥਾਨ ਦੀ ਇੱਛਾ ਨਾ ਰੱਖਣ ਵਾਲੇ ਰਾਜਾ ਨੂੰ ਆਪ ਤਤਵ ਗਿਆਨ ਦਾ ਉਪਦੇਸ਼ ਦੇਵੇ।''

ਦੇਵਦੂਤ ਨੇ ਰਾਜੇ ਅਸ਼ਟਰਨੇਮੀ ਨੂੰ ਮਹਾਂਰਿਸ਼ੀ ਵਾਲਮੀਕ ਜੀ ਦੇ ਪਾਸ ਪਹੁੰਚਾ ਦਿੱਤਾ ਤੇ ਦੇਵਰਾਜ ਇੰਦਰ ਦਾ ਵੀ ਸੰਦੇਸ਼ ਪੱਤਰ ਰਿਸ਼ੀ ਵਾਲਮੀਕ ਜੀ ਨੂੰ ਸੁਣਾ ਦਿੱਤਾ।

''ਭਗਵਾਨ ਪ੍ਰਸ਼ਦ ਮਿਛਾ ਮਿਤ ਦਵਿ ਧਨੇਨ ਮੇਵਦ
ਸੰਸਾਰ ਬੰਧ ਦੁਖਾਰ ਤੇ; ਕਥੰ ਮੁੰਚਾ ਮਿਤ ਦਵਦ'
ਸੂਰਣ ਰਾਜਨ ਪ੍ਰਵਖਯਾਮਿ ਰਾਮਾਇਣ ਖੰਡਤਮ
ਸੂਰਤਵਾ ਵਧਾਰਯਯਤ ਨੇਨ ਜੀਵ ਮੁਕਤੋ ਭਵਿਸ਼ਯਤਿ'
ਵੈਰਾਗ ਪ੍ਰਕ੍ਰਣ ਸਰਗ। ਸ਼ਲੋਕ

44 ਤੋਂ 52 ਤੱਕ ਰਾਜਾ ਅਸਟਰ ਨੇਮੀ ਰਿਸ਼ੀ ਵਾਲਮੀਕ ਜੀ ਨੂੰ ਹੈ। 'ਐ ਭਗਵਾਨ ਕ੍ਰਿਪਾ ਕਰਕੇ ਬਿਨਾਂ ਕਿਸੇ ਵਿਘਨ ਦੇ ਮੇਰਾ ਦੁੱਖ ਨੁਵਾਰਣ ਕੀਜੀਏ, ਮੈਂ ਸੰਸਾਰਕ ਬੰਧਨਾਂ ਦੇ ਦੁੱਖਾਂ ਨਾਲ ਪੀੜਿਆ ਜਾ ਰਿਹਾ ਹਾਂ, ਇਸ ਤੋਂ ਮੇਰਾ ਛੁਟਕਾਰਾ ਕਰੇ ਤਾਂ ਵਾਲਮੀਕ ਕਹਿੰਦਾ ਹੈ, ਮੈਂ ਤੈਨੂੰ ਰਮਾਇਣ ਦੀ ਕਥਾ ਸੁਣਾਉਂਦਾ ਹਾਂ, ਤੁਸੀਂ ਸੁਣ ਕੇ ਜੀਵਨ ਮੁਕਤ ਹੋਵੋਗੇ।'

**ਰਾਮ ਦਾ ਵੈਰਾਗੀ ਹੋਣਾ**

ਸੰਸਾਰੀ ਦੁੱਖਾਂ ਨੂੰ ਅਨੁਭਵ ਕਰਦਿਆਂ ਰਾਮ ਵੈਰਾਗੀ ਹੋ ਗਿਆ। ਉਸ ਨੇ ਵੈਰਾਗੀ ਹਾਲਤ ਵਿਚ ਖਾਣਾ, ਪੀਣਾ, ਬੋਲਣਾ, ਚੱਲਣਾ-ਤੁਰਨਾ ਫਿਰਨਾ ਬੰਦ ਕਰ ਦਿੱਤਾ, ਉਹ ਦਿਨੋ ਦਿਨ ਕਮਜ਼ੋਰ ਹੁੰਦਾ ਚਲਾ ਗਿਆ, ਉਹਦੀ ਇਹ ਦਸ਼ਾ ਦੇਖ ਕੇ ਰਾਜਾ ਦਸ਼ਰਥ ਚਿੰਤਾਤੁਰ ਹੋਇਆ। ਰਾਮ ਦੇ ਇਲਾਜ ਲਈ ਚੰਗੇ-ਚੰਗੇ ਵੈਦ ਬੁਲਾਏ ਗਏ, ਪਰ ਰਾਮ ਦੀ ਹਾਲਤ ਵਿਚ ਕੋਈ ਫਰਕ ਨਾ ਪਿਆ। ਜੇ ਸਰੀਰਕ ਰੋਗ ਹੁੰਦਾ ਤਾਂ ਫਰਕ ਪੈਂਦਾ। ਉਸ ਨੂੰ ਮਾਨਸਿਕ ਰੋਗ ਸੀ। ਵੁਸਦਾ ਇਹ ਰੋਗ ਦੂਰ ਕਰਨ ਲਈ ਵਿਸ਼ਵਾ ਮਿੱਤਰ ਦੇ ਕਹਿਣ ਤੇ ਉਸਨੂੰ ਮੁਨੀ ਵਸ਼ਿਸ਼ਟ ਦੁਆਰਾ ਮਹਾਂਰਿਸ਼ੀ ਵਾਲਮੀਕ ਜੀ ਦੀ ਰਚਨਾ ਮਹਾਂ ਰਮਾਇਣ ਦੀ ਕਥਾ ਸੁਣਾਈ ਗਈ।

ਰਮਾਇਣ ਸੁਣ ਕੇ ਰਾਮ ਕਹਿੰਦੇ ਹੈ 'ਮੇਰਾ ਭਰਮ ਮਿਟ ਗਿਆ, ਦੁਈ ਦਾ ਪੜਦਾ ਉੱਠ ਗਿਆ, ਜਾਨਣ ਯੋਗ ਤਤ ਨੂੰ ਮੈਂ ਜਾਣ ਲਿਆ, ਮੇਰੀ ਕਾਮਨਾ ਮਿਟ ਗਈ, ਮੈਂ ਬ੍ਰਹਮਪਦ ਨੂੰ ਪਾ ਲਿਆ ਅਤੇ ਹੁਣ ਮੈਂ ਬ੍ਰਹਮ ਦਾ ਹੀ ਰੂਪ ਹੋ ਗਿਆ ਹਾਂ।'



ਯੋਗ ਵਸ਼ਿਸ਼ਟ ਗ੍ਰੰਥ ਦੇ ਹਿੰਦੀ ਅਨੁਵਾਦਕ ਪੰਡਤ ਸ੍ਰੀ ਰਾਮ ਸ਼ਰਮਾ ਭੂਮਿਕਾ ਪੰਨਾ 40-42 ਉਤੇ ਪੁਰਸ਼ਾਂ ਦਾ ਵਰਣਨ ਕਰਦੇ ਹਨ, ਜਿਹਨਾਂ ਮਹਾਂ ਰਮਾਇਣ ਨੂੰ ਸੁਣ ਕੇ ਜੀਵਨ ਮੁਕਤੀ ਪ੍ਰਾਪਤ ਕੀਤੀ ਜਿਵੇਂ ਕਿ 'ਰਾਜਾ ਜਨਕ, ਰਾਜਾ ਦਲੀਪ, ਸਵਯੰਭੂ ਮਨੂ, ਰਾਜਾ ਮਾਨ ਧਾਤਾ, ਰਾਜਾ ਬਲ, ਰਾਜਾ ਸ਼ਰਯਤਿ, ਰਾਜਾ ਸਗੜ, ਭਗਤ ਪ੍ਰਹਿਲਾਦ, ਨਾਰਦ ਮੁਨੀ, ਭ੍ਰਿਗੂ ਮੁਲੀ, ਭਾਰਦੁ-ਵਾਜ ਵਿਸ਼ਵਾ ਮਿੱਤਰ, ਸ਼ੁਕਰਾਚਾਰੀਆਇਤ ਆਦਿ।'

**ਮਹਾਂ ਰਮਾਇਣ ਦੇ ਨਾਂ ਦੀ ਬਦਲੀ**

ਸਤਿਗੁਰ ਵਾਲਮੀਕ ਜੀ ਦੀ ਰਚਨਾ ਮਹਾਂ ਰਮਾਇਣ ਦਾ ਨਾਂ ਯੋਗ ਵਸ਼ਿਸ਼ਟ ਕਿਵੇਂ ਪੈ ਗਿਆ? ਲੋਕ ਮਾਨਿਆ ਬਾਲ ਗੰਗਾਧਰ ਤਿਲਕ ਆਪਣੀ ਰਚਨਾ ਗੀਤਾ ਦੇ ਪੰਨਾ 4 ਉਤੇ ਅੰਕਿਤ ਕਰਦੇ ਹਨ ਕਿ 'ਮੁਨੀ ਵਸ਼ਿਸ਼ਟ ਦੁਆਰਾ ਰਾਮ ਨੂੰ ਮਹਂਰਿਸ਼ੀ ਵਾਲਮੀਕ ਜੀ ਦੀ ਮਹਾਂ ਰਮਾਇਣ ਸੁਣਾਉਣਕਾਰਨ ਗ੍ਰੰਥ ਦਾ ਨਾਂ ਮਹਾਂ ਰਮਾਇਣ ਤੋਂ ਯੋਗ ਵਸ਼ਿਸ਼ਟ ਪੈ ਗਿਆ। ਅਤੇ ਪੰਡਤ ਜਾਨਕੀ ਨਾਥ ਸ਼ਰਮਾ ਕਲਿਆਣ ਦੇ ਯੋਗ ਵਸ਼ਿਸ਼ਟ ਅੰਕ ਜਨਵਰੀ 1961 ਦੇ ਇਕ ਗ੍ਰੰਥ ਵਿਚ ਲਿਖਦੇ ਹਨ ਕਿ 'ਯੋਗ ਵਸ਼ਿਸ਼ਟ ਗ੍ਰੰਥ ਦੇ ਮੰਨਣ ਵਾਲਿਆਂ 'ਚੋਂ ਇਹ ਗੱਲ ਲੁਕੀ-ਛਿਪੀ ਨਹੀਂ ਕਿ ਇਹ ਗ੍ਰੰਥ ਭਾਰਤੀ ਹੀ ਨਹੀਂ ਬਲਕਿ ਵਿਸ਼ਵ ਸਾਹਿਤ ਵਿਚ ਗਿਆਨ ਆਤਮਕ ਸੂਖਮ ਵਿਚਾਰ ਤਤਵ ਨਰੂਮਣ ਭਾਵ ਵਾਸਤਵਿਕ ਰੂਪ ਦਾ ਖੁੱਲ੍ਹ ਕੇ ਨਿਰਣਾ ਕਰਦਾ ਹੈ। ਅਥਵਾ ਵੁਤਮ ਸਦਾਕਤ ਪੂਰਣ ਗ੍ਰੰਥਾਂ 8ਚੋਂ ਸਰਵ ਸ਼੍ਰੇਸਟ ਗ੍ਰੰਥ ਹੈ। ਇਹ ਮਹਾਂ ਰਮਾਇਣ ਵਸ਼ਿਸ਼ਟ ਰਮਾਇਣ ਨਾਲ ਵਿਖਿਆਤ (ਪ੍ਰਸਿੱਧ) ਕਿਉਂਕਿ ਵਸ਼ਿਸ਼ਟ ਮੁਨੀ ਨੇ ਮਹਾਂ ਰਮਾਇਣ ਦੀ ਕਥਾ ਰਾਮ ਨੂੰ ਸੁਣਾਈ ਸੀ, ਜਿਸ ਕਰਕੇ ਗ੍ਰੰਥ ਦਾ ਨਾ ਯੋਗਵ ਵਸ਼ਿਸ਼ਟ ਪ੍ਰਚੱਲਿਤ ਹੋ ਗਿਆ।

ਮਹਾਂ ਰਮਾਇਣ ਦੀ ਮਹਾਨਤਾ ਤੇ ਸਿੱਖਿਆ ਇਸ ਗ੍ਰੰਥ ਦੀ ਮਹਾਨਤਾ ਬਾਰੇ ਡਾਕਟਰ ਭਗਵਾਨ ਦਾਸ ਦੇਹਲੀ ਦੀ ਲਿਖੀ ਮਿਸਟਕ ਐਕਸ ਪ੍ਰੈਸ ਦਾਇੰਜ ਇੰਨ ਦੀ ਵਰਡ ਗੁੱਡ ਰਿਲੀਜਸ ਇੰਡੀਅਨ ਜਿਲਦ 3 ਦੇ ਪੰਨਾ 295 ਉਤੇ ਅੰਕਿਤ ਹੈ ਕਿ ਯੋਗ ਵਸ਼ਿਸ਼ਟ ਸਿੱਧ ਅਵਿਸਥਾ ਦਾ ਗ੍ਰੰਥ ਹੈ। ਇਸ ਦੇ ਵਿਚਾਰ ਦਰਸ਼ਨ ਰਸਯ ਨਰੂਪਣ ਪ੍ਰਣਾਲੀ ਭਾਸ਼ਾ ਅਲੰਕਾਰ ਸਭ ਇਕ ਤੋਂ ਇਕ ਅਸਚਰਜ ਹਨ।' ਇਸ ਪੁਸਤਕ ਦੇ ਹਿੰਦੀ ਉਲੱਥਾਕਾਰ ਲਾਲ ਬੈਜਨਾਥ ਇਸ ਗ੍ਰੰਥ ਦੀ ਮਹੱਤਤਾ ਬਾਰੇ ਲਿਖਦੇ ਹਨ ਕਿ ਵੈਦਾਂਤ ਦੇ ਗ੍ਰੰਥਾਂ 'ਚੋਂ ਯੋਗ ਵਸ਼ਿਸ਼ਟ ਦੀ ਕੋਟੀ ਦਾ ਹੋਰ ਕੋਈ ਗ੍ਰੰਥ ਨਹੀਂ ਮਿਲਦਾ ਅਤੇ 'ਜੈ ਮੁਨੀ ਵਿਦਯਾਨੰਦ ਦੇ ਲੇਖ ਦਾ ਸਾਰੰਸ਼' ਯੋਗਵਸ਼ਿਸ਼ਟ ਗ੍ਰੰਥ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਧੀਰ ਪੁਰਸ਼ ਭੈਭੀਤ ਨਹੀਂ ਹੁੰਦੇ, ਸਮ ਦ੍ਰਿਸ਼ਟੀ ਵਾਲੇ ਪੁਰਸ਼ ਗਿਆਨੀ ਹੁੰਦੇ ਹਨ। ਨਿਰ ਭੈ ਹੋਣਾ ਹੀ ਮੁਕਤੀ ਦਾ ਮਾਰਗ ਹੈ, ਇਸ ਤੋਂ ਬਿਨਾਂ ਮੁਕਤੀ ਮਿਲ ਨਹੀਂ ਸਕਦੀ। ਸਮਦ੍ਰਿਸ਼ਟੀ ਵਾਲਾ ਪੁਰਸ਼ ਗੁਲਾਮੀ ਨੂੰ ਪਸੰਦ ਨਹੀਂ ਕਰਦਾ ਤੇ ਦੀਨ ਭਾਵ ਬਣ ਕੇ ਰਹਿਣਾ ਤੰਦਰੁਸਤੀ ਦੀ ਨਿਸ਼ਾਨੀ ਨਹੀਂ। ਪ੍ਰਾਣੀ ਆਤਮਾ ਵਿਚ ਤਹਿਲੀਨ ਹੋ ਸਕਦਾ ਹੈ, ਜੇ ਉਸਦੇ ਮਨ ਵਿਚ ਦੀਨ ਭਾਵ ਨਾ ਹੋਵੇ। ਸਮ ਦਰਬਨ ਗਿਆਨ ਚਰਿਤ੍ਰ ਪ੍ਰਾਪਤ ਹੋਣ ਤੋਂ ਬਾਅਦ ਹੀ ਮੁਕਤੀ ਮਿਲਦੀ ਹੈ। ਆਤਮ ਦਰਸ਼ੀ ਉਸ ਨੂੰ ਹੀ ਸਮਝਣਾ ਚਾਹੀਦਾ ਹੈ, ਜੋ ਬਜਰਾਂ ਦੀ ਆਵਾਜ਼ ਤੋਂ ਹਾਥੀਆਂ ਦੀ ਚੰਗਤ ਤੋਂ ਨਾ ਕੰਬੇ।

ਪੰਡਤ ਸ੍ਰੀ ਰਾਮ ਸ਼ਰਮਾ ਅੰਕਿਤ ਕਰਦਾ ਕਿ ਯੋਗ ਵਸ਼ਿਸ਼ਟ ਗ੍ਰੰਥ ਵਿਚ ਵਾਲਮੀਕ ਕਹਿੰਦੇ ਹਨ, ਘਟੀਆ ਵਸਤੂ ਨਾਲ ਖੇਦ ਨਾ ਕਰੋ, ਤੋਂ ਚੰਗੀ ਵਸਤੂ ਦੀ ਕਾਮਨਾ ਨਾ ਕਰੋ। ਘਟੀਆ ਅਤੇ ਵਧੀਆ ਦੋਹਾਂ ਦਾ ਤਿਆਗ ਕਰਕੇ ਨਿਰਮਲ ਭਾਵ ਨਾਲ ਅਡੋਲ ਰਹੋ, ਊਚ-ਨੀਚ ਦੇ ਭਾਵ ਨੂੰ ਦੂਰ ਕੀਤਿਆਂ, ਬਿਨਾਂ ਸੰਗਤਾਂ ਦਾ ਪੈਦਾ ਹੋਣਾ ਅਸੰਭਵ ਹੈ ਅਤੇ ਸੰਗਤਾਂ ਵਾਲਾ ਪੁਰਸ਼ ਹੀ ਭੋਗ ਵਿਲਾਸਾਂ ਨੂੰ ਛੱਡ ਕੇ ਆਨੰਦ ਮਾਣ ਸਕਦਾ ਹੈ। ਸੰਗਤਾਂ ਦਾ ਭਾਵ ਸ਼ਾਂਤੀ ਪੈਦਾ ਕਰਦਾ ਹੈ ਤੇ ਸ਼ਾਂਤੀ ਵਾਲਾ ਪੁਰਸ਼ ਦੁੱਖਾਂ ਦਰਦਾਂ ਤੋਂ ਛਟ ਜਾਂਦਾ ਹੈ। ਉਪਰੋਕਤ ਪ੍ਰਮਾਣਾਂ ਤੋਂ ਮਹਾਂਰਿਸ਼ੀ ਵਾਲਮੀਕ ਜੀ ਦੇ ਗ੍ਰੰਥ ਦੀ ਸਿੱਖਿਆ ਦਾ ਪਤਾ ਚੱਲਦਾ ਹੈ।

**ਸ਼ਿਵ ਦੇ ਸਥਾਨ ਤੇ ਸਤਿਗੁਰੂ ਵਾਲਮੀਕ ਨੇ ਕਥਾ ਕਰਨੀ**

ਪੰਡਤ ਅਮੀ ਚੰਦ ਜੀ ਦੇ ਕਥਨ ਅਨੁਸਾਰ 'ਸਤਿਗੁਰੂ ਵਾਲਮੀਕ ਜੀ ਨੇ ਦੁਨੀਆਂ ਨੂੰ ਚਾਨਣਾ ਕਰਨ ਲਈ ਸ਼ਿਵ ਦੇ ਸਥਾਨ ਕਾਂਸ਼ੀ ਵਿਖੇ ਮਹਾਂਰਮਾਇਣ ਗ੍ਰੰਥ ਦੀ ਕਥਾ ਖੁਦ ਆਰੰਭ ਕੀਤੀ, ਜਿਸ ਨੂੰ ਸੁਣਨ ਲਈ ਤੀਨ ਲੋਕ ਦੇ ਸਰੋਤੇ ਅਕਾਸ਼ਵਾਣੀ ਸਿੰਧ ਵਾਸੀ ਮਾਤਲੋਕ ਆਦਿ ਤੋਂ ਆਏ। ਕਥਾ ਸਾਲ ਭਰ ਹੁੰਦੀ ਰਹੀ, ਸਮਾਪਤੀ ਤੋਂ ਬਾਅਦ ਸਰੋਤਿਆਂ ਦੀ ਮੰਗ ਉਤੇ ਗ੍ਰੰਥ ਦੇ ਸੌ ਉਤਾਰੇ ਕੀਤੇ ਗਏ ਅਤੇ ਸ਼ਿਵ ਭੰਡਾਰੀ ਦੁਆਰਾ ਤੀਨ ਲੋਕ ਦੇ ਸਰੋਤਿਆਂ ਨੂੰ ਵੰਡੇ ਗਏ, ਜਿਸ 'ਚੋਂ ਦੋ ਅੱਖਰ ਬਚ ਗਏ ਤਾਂ 'ਸਤਿਗੁਰਾਂ' ਨੇ ਆਖਿਆ ਬਚੇ-ਖੁਚੇ ਭੰਡਾਰੇ ਦਾ ਮਾਲਕ ਭੰਡਾਰੀ ਹੋਇਆ ਕਰਦਾ ਹੈ। ਇਸ ਲਈ ਉਹ ਵੰਡ ਤੋਂ ਬਚੇ ਦੋ ਅੱਖਰ ਜਦ ਸ਼ਿਵ ਨੇ ਗ੍ਰਹਿਣ ਕੀਤੇ ਤਾਂ ਉਹਨਾਂ ਦੇ ਕੰਠ ਦਾ ਦਰਦ ਦੂਰ ਹੋ ਗਿਆ।'' ਕਿਹਾ ਜਾਂਦਾ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਮਿਲ ਕੇ ਖੀਰ ਸਮੁੰਦਰ ਰਿੜਕਿਆ, ਜਿਸ ਦਾ ਉਲੇਖ ਬਾਲ ਕਾਂਡ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕੀਤਾ ਗਿਆ ਹੈ। ਇਹ ਬਿਰਤਾਂਤ ਪੁਰਾਣ ਕਿ ਸਾਖੀਆਂ ਦੇ ਆਧਾਰ 'ਤੇ ਕੀਤਾ ਗਿਆ ਹੈ ਕਿ ਮੇਰੂ ਪਰਬਤ ਦਾ ਮਧਾਣਾ ਕਸ਼ ਦੀ ਖੋਪਰੀ ਤੇ ਰੱਖ ਕੇ ਬਾਸਕ ਨਾਗ ਦਾ ਨੇਤਾ ਪਾ ਕੇ ਖੀਰ ਸਮੁੰਦਰ ਰਿੜਕ ਕੇ ਚੌਣਾਂ ਰਤਨ ਕੱਢੇ, ਜਿਹਨਾਂ 'ਚੋਂ ਇਹ ਵੇਹਵੀ ਲਿਕਲੀ, ਉਹ ਸ਼ਿਵ ਨੂੰ ਦਿੱਤੀ ਗਈ, ਉਹ ਵੇਹ ਨੂੰ ਹਲਾਹਲ ਕਰਕੇ ਪੀ ਗਏ, ਜਿਸ ਦੇ ਪੀਣ ਨਾਲ ਉਹਨਾਂ ਦਾ ਕੰਠ ਨੀਲਾ ਹੋ ਗਿਆ ਤੇ ਸਰੀਰ ਕਸ਼ਟਾਂ ਵਿਚ ਗ੍ਰਸਿਆ ਗਿਆ। ਗੁਰੂ ਜੀ ਦੇ ਬਖਸ਼ੇ ਭੰਡਾਰੇ 'ਚੋਂ ਦੋ ਅੱਖਰਾਂ ਦੇ ਉਚਾਰਣ ਨਾਲ ਸ਼ਿਵ ਨੂੰ ਸ਼ਾਂਤੀ ਆ ਗਈ। ਸਰੀਰਕ ਰੋਗ ਜਾਂਦਾ ਰਿਹਾ। ਨਾਮ ਦੇਵ ਦੇ ਅਭੰਗ 55 ਵਿਚ ਵੀ ਇਸ ਵਾਰਤਾ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਤੁਲਸੀ ਦਾਸ ਇਸ ਵਾਰਤਾ ਬਾਰੇ ਆਖਦਾ ਹੈ:

ਨਾਮ ਪ੍ਰਭਾਓ ਜਾਨ ਸ਼ਿਵ ਨੀਕੋ ਕਾਲ ਰੂਟ ਫੂਲ ਦੀਨ ਅਮੀਕੋ

ਨਾਮ ਦੇ ਜਪਣ ਦਾ ਹੀ ਪ੍ਰਭਾਵ ਸੀ ਕਿ ਸ਼ਿਵ ਨੇ ਨਿਰਭੈ ਹੋ ਕੇ ਜ਼ਹਿਰ ਪੀ ਲਈ, ਜਿਸ ਨਾਲ ਉਸਦੇ ਸਰੀਰ ਨੂੰ ਕਸ਼ਟ ਹੋਣ ਲੱਗਾ, ਜੋ ਨਾਮ ਦੇ ਜਪ ਨਾਲ ਦੂਰ ਹੋਇਆ। ਵੁਸਦੇ ਜਾਪ ਬਾਰੇ ਤੁਲਸੀ ਦਾਸ ਕਹਿੰਦਾ ਹੈ-

ਸਹਿਸਾ ਨਾਮ ਸੁਣ ਸ਼ਿਵ ਬਾਣੀ ਜਪਿਓ ਜੋਈ ਪੀਆ ਸੰਗ ਭਵਾਨੀ।

ਮਹਾਂ ਰਿਸ਼ੀ ਵਾਲਮੀਕ ਜੀ ਦੀ ਬਾਣੀ ਰਮਾਇਣ ਨੂੰ ਸ਼ਿਵ ਨੇ ਚੰਗੀ ਤਰ੍ਹਾਂ ਜਾਦਿਆ ਤੇ ਪਾਬਤੀ ਦੇ ਨਾਲ ਮਿਲ ਕੇ ਉਸਦਾ ਪਾਠ ਕੀਤਾ।

ਅਖਰ ਮਧੁਰ ਮਨੋਹਰ ਲੋਊ ਵਰਨ ਵਲੋਚਨ ਜਨ ਜਹਿ ਜੋਤੀ

ਸ਼ਿਵ ਨੇ ਜਿਨ੍ਹਾਂ ਦੇ ਅੱਖਰਾਂ ਦਾ ਜਾਪ ਕੀਤਾ ਉਹ ਬੜੇ ਮਿੱਠੇ ਸੁੱਖ ਦੇਣ ਵਾਲੇ ਸਨ।''

ਕਾਕ ਕੁਸੰਡ ਸ਼ਿਵ ਪ੍ਰਥਮ ਗਾਈ ਔਰ ਗਾਈ ਜਸਾਚੇਤ ਗੁਸਾਈ
ਮਹਾ ਮੰਤ੍ਰ ਜੋ ਜਪਤ ਮਹੇਸ਼ ਕਾਂਸੀ ਮੁਕਤ ਹੈਤ ਉਪਦੇਸੁ।

ਰਾਮ ਚਰਿਤ ਮਾਨਸ ਬਾਲ ਕਾਂਡ ਦੋਹਾ 18 ਵਿਚ ਤੁਲਸੀ ਦਾਸ ਕਹਿੰਦਾ ਹੈ। ਸਭ ਤੋਂਪਹਿਲੇ ਕਾਕ ਸੁੰਡ ਤੇ ਸ਼ਿਵ ਜੀ ਨੇ ਰਮਾਇਣ ਦੀ ਬਾਣੀ ਦਾ ਉਚਾਰਨ ਕੀਤਾ, ਫਿਰ ਲੋਕ ਦੇ ਭਲੇ ਲਈ ਮੈਂ ਇਸ ਬਾਣੀ ਨੂੰ ਗਾਵਿਆ ਅਤੇ ਕਾਂਸ਼ੀ ਪਤੀ ਸ਼ਿਵ ਨੇ ਮੁਕਤੀ ਖਾਤਰ ਮਹਾਂਰਿਸ਼ੀ ਵਾਲਮੀਕ ਦੇ ਉਪਦੇਸ਼ ਨਾਲ ਵੁਸ ਤੋਂ ਮਹਾਂ ਮੰਤ੍ਰ ਲਿਆ।

ਪ੍ਰਸ਼ਨ 2- ਉਹ ਮਹਾਂ ਮੰਤ੍ਰ ਕਿਹੜਾ ਸੀ ਜੋ ਸ਼ਿਵਨੇ ਰਿਸ਼ੀ ਵਾਲਮੀਕ ਤੋਂ ਲਿਆ ਸੀ? ਉਹ ਸ਼ਬਦ ਸੋਹੰ ਦਾ ਸੀ, ਜਿਸ ਬਾਰੇ ਗੁਰੂ ਨਾਨਕ ਜੀ ਫੁਰਮਾਉਂਦੇ ਹਨ:

ਸਜਗ ਹੰਸ ਉਤਾਰ ਪਾਰ ਸੋਹੰ: ਬ੍ਰਹਮ ਨਾ ਦੂਜ ਧਾਜੋ
ਸੋਹੰ ਬ੍ਰਹਮ ਪੈਹਿਲਾਲ ਕੇ ਪੜਦਾ ਭਰਮ ਕਰਤਾਰ ਸੁਣਾਈ।

ਸਤਿਯੁਗ ਵਿਚ ਪ੍ਰਮੇਸ਼ਰ ਨੇ ਹੰਸਾ ਦਾ ਅਵਤਾਰ ਧਾਰ ਕੇ ਸੋਹੰ ਦਾ ਜਾਪ ਕੀਤਾ ਅਤੇ ਸੋਹੰ ਸ਼ਬਦ ਦੇ ਪੜਦੇ ਦੀ ਗੱਲ ਗੌਤਮ ਮੁਨੀ ਨੇ ਸੁਣਾ ਦਿੱਤੀ।

ਸੋਹੰ ਸ਼ਬਦ ਪਛਾਣੀਐ ਸਭ ਦੀ ਭੇਟ ਪਤਿਆਹਿ, ਸ੍ਰੀ ਰਾਮ ਮਹਲਾ।

ਤਤ ਨਰੰਜਨ ਜੋਤੀ ਸਭਾਈ ਸੋਹੰ ਪੇਦ ਨਾ ਕੋਈ ਜੀਊ।
ਸੋਰਠ ਮਹਲਾ

ਰਸਨਾ ਰਾਮ ਕਹਿਤ ਗੁਣ ਸੋਹੰ ਏਕ ਨਿਮਖ ਉਪਾਏ ਸਮਾਏ
ਸਾਰੰਗ ਮਹਲਾ 5

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY with Qualifying Car Purchase

IN HOUSE FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR on your next qualifying service

Car Care You Can Trust

# BUYING OR SELLING REAL ESTATE? WE CAN HELP!



Residential & Commercial
**John Singh Banga**
Your Honest & Experienced REALTOR
(916) 271-5404
Banga.Realtor@gmail.com
Visit My Website:
www.banga.bhhser.com
CALBRE #01397975



Residential Home Financing
**Akash Banga**
Loan Originator
(916) 705-7837
Abanga@rhloans.com
Visit My Website:
ResidentialHomeILoans.com/abanga
RHL RESIDENTIAL HOME LOANS
NMLS #1868842

## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BERKSHIRE HATHAWAY
Home Services
Elite Real Estate

## OFFICE: 7412 ELSIE AVE., SACRAMENTO, CA 95828

# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 20 ਅਕਤੂਬਰ ਨੂੰ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 20, 2019,

## Time: 9:00AM to 5:00PM

## Dan Foley Cultural Center, 1499 N. Camino Alto, Vallejo, CA-94590

## Phone: (707) 648-4630

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Kewal Sidhu (707) 704-3869, Sodhi Nahar (707) 704-5216
Shiv Sidhu (707) 656-1205, Dr. Gurjit Singh (925) 321-0117
Gurpal Singh (916) 873-0311, Bhupinder Bhinda (916) 613-3311
Balbir Thapar (916) 607-4650, Kulwinder Gill (510) 458-6146,
Baljivan Dass (408) 394-6729, Rajinder Hans (925) 214-6454

## ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)